

ਸ਼ੇਅਰ ਮਾਰਕਿਟ

# ਨਿਵੇਸ਼ਕ ਦੇ ਨਜ਼ਰੀਏ ਤੋਂ ਸਮਝ

ਬਾਰੇ ਪੁਸਤਕ


भारतीय प्रतिभूति और विनिमय बोर्ड
Securities and Exchange Board of India





BSE INVESTORS' PROTECTION FUND
NSE IPFT
MSE METROPOLITAN STOCK EXCHANGE Investor Protection Fund Trust
NSDL Technology, Trust & Reach IPFT
CDSL

**ਬੇਦਾਅਵਾ:**

ਜਦਕਿ ਇਸ ਪ੍ਰਕਾਸ਼ਨ ਵਿੱਚ ਤਰੁੱਟੀਆਂ ਜਾਂ ਚੂਕਾਂ ਤੋਂ ਬਚਣ ਦੀ ਹਰ ਮੁਮਕਿਨ ਕੋਸ਼ਿਸ਼ ਕੀਤੀ ਗਈ ਹੈ, ਪ੍ਰਕਾਸ਼ਕ ਇਸ ਸਮੱਗਰੀ ਦੀ ਵਰਤੋਂ ਕਰਕੇ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਤਰ੍ਹਾਂ, ਕਿਸੇ ਵੀ ਕਿਸਮ ਦੀ, ਕਿਸੇ ਵੀ ਹਾਨੀ ਜਾਂ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹਨ।

**ਸੰਯੁਕਤ ਤਿਆਰਕਰਤਾ:**

- ਸਿਕਯੁਰਟੀਜ਼ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ
- ਬੀ.ਐੱਸ.ਈ. ਲਿਮਿਟਿਡ
- ਨੈਸ਼ਨਲ ਸਿਕਯੁਰਟੀਜ਼ ਡਿਪਾਜ਼ਿਟਰੀ ਲਿਮਿਟਿਡ
- ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ
- ਸੈਂਟ੍ਰਲ ਡਿਪਾਜ਼ਿਟਰੀ ਸਰਵਿਸਿਜ਼ (ਇੰਡੀਆ) ਲਿਮਿਟਿਡ
- ਮੇਟ੍ਰੋਪਾਲਿਟਨ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਿਟਿਡ

**ਮੁਦ੍ਰਕ:**

ਸੇਬੀ
ਤਾਰੀਖ: 23 ਨਵੰਬਰ, 2020

**ਪਾਠਕ ਲਈ ਨੋਟ:**

ਇਸ ਪੁਸਤਕ ਦਾ ਉਦੇਸ਼ ਤੁਹਾਨੂੰ ਸ਼ੇਅਰ ਮਾਰਕਿਟ ਬਾਰੇ ਸੰਖੇਪ, ਮੁੱਢਲੀ ਜਾਣਕਾਰੀ ਪ੍ਰਦਾਨ ਕਰਨਾ ਹੈ। ਹੋਰ ਸਵਾਲ ਹੋਣ ਦੀ ਸਥਿਤੀ ਵਿੱਚ, ਤੁਸੀਂ ਸੇਬੀ, ਬੀ.ਐੱਸ.ਈ., ਐੱਨ.ਐੱਸ.ਈ., ਐੱਮ.ਐੱਸ.ਈ.ਆਈ., ਐੱਨ.ਐੱਸ.ਡੀ.ਐੱਲ. ਅਤੇ ਸੀ.ਡੀ.ਐੱਸ.ਐੱਲ. ਦੀਆਂ ਵੈੱਬਸਾਈਟਾਂ ’ਤੇ ਆਨਲਾਈਨ ਸਮੱਗਰੀ ਵੇਖ ਸਕਦੇ ਹੋ।

“ਇਸ ਸਮੱਗਰੀ ਵਿੱਚ ਸ਼ਾਮਲ ਜਾਣਕਾਰੀ ਸਿਰਫ਼ ਸ਼ੇਅਰ ਮਾਰਕਿਟ ਨਾਲ ਸੰਬੰਧਿਤ ਵਿੱਦਿਅਕ ਅਤੇ ਜਾਗਰੂਕਤਾ ਦੇ ਉਦੇਸ਼ਾਂ ਲਈ ਹੈ ਅਤੇ ਸਿਰਫ਼ ਆਮ ਲੋਕਾਂ ਲਈ ਗੈਰ-ਲਾਭਕਾਰੀ, ਵਿੱਦਿਅਕ ਅਤੇ ਜਾਗਰੂਕਤਾ ਸੰਬੰਧੀ ਕਿਰਿਆਵਾਂ ਲਈ ਇਸਦੀ ਵਰਤੋਂ ਕੀਤੀ ਜਾਵੇਗੀ।

ਸੇਬੀ ਜਾਂ ਸਟਾਕ ਐਕਸਚੇਂਜ ਜਾਂ ਡਿਪਾਜ਼ਿਟਰੀਜ਼ ਦੇ ਹਵਾਲੇ ਤੋਂ ਬਿਨਾਂ ਇਸ ਸਮੱਗਰੀ ਦੇ ਕਿਸੇ ਵੀ ਹਿੱਸੇ ਨੂੰ ਕਿਸੇ ਵੀ ਡਿਸਕ, ਟੇਪ, ਕਿਸੇ ਵੀ ਸੁਰਾਖ਼ ਵਾਲੇ ਮੀਡੀਆ ਜਾਂ ਹੋਰ ਜਾਣਕਾਰੀ ਸਟੋਰੇਜ ਡਿਵਾਈਸ, ਆਦਿ ’ਤੇ ਕਿਸੇ ਵੀ ਕਿਸਮ ਵਿੱਚ ਮੁੜ ਪ੍ਰਕਾਸ਼ਿਤ ਨਹੀਂ ਕੀਤਾ ਜਾ ਸਕਦਾ ਜਾਂ ਉਸਦੀ ਨਕਲ ਨਹੀਂ ਬਣਾਈ ਜਾ ਸਕਦੀ।

ਸੇਬੀ ਜਾਂ ਸਟਾਕ ਐਕਸਚੇਂਜ ਜਾਂ ਡਿਪਾਜ਼ਿਟਰੀਜ਼ ਇਸ ਸਮੱਗਰੀ ਦੀ ਵਰਤੋਂ ਕਰਕੇ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਤਰ੍ਹਾਂ, ਕਿਸੇ ਵੀ ਕਿਸਮ ਦੀ, ਕਿਸੇ ਵੀ ਹਾਨੀ ਜਾਂ ਨੁਕਸਾਨ ਲਈ ਜ਼ਿੰਮੇਵਾਰ ਨਹੀਂ ਹੋਣਗੀਆਂ।

ਇਸ ਸਮੱਗਰੀ ਵਿੱਚ ਤਰੁੱਟੀਆਂ ਜਾਂ ਚੂਕਾਂ ਤੋਂ ਬਚਣ ਦੀ ਹਰ ਮੁਮਕਿਨ ਕੋਸ਼ਿਸ਼ ਕੀਤੀ ਗਈ ਹੈ। ਮਾਰਕਿਟ ਵਿੱਚ ਹਾਲ ਹੀ ਵਿੱਚ ਹੋਏ ਵਿਕਾਸਾਂ ਅਤੇ ਪਹਿਲਾਂ ਦੇ ਸੰਬੰਧ ਵਿੱਚ, ਪਾਠਕਾਂ ਨੂੰ ਸਮੇਂ-ਸਮੇਂ 'ਤੇ ਘੋਸ਼ਿਤ ਕੀਤੇ ਜਾਂਦੇ, ਹਾਲ ਹੀ ਦੇ ਕਨੂੰਨਾਂ, ਦਿਸ਼ਾਨਿਰਦੇਸ਼ਾਂ, ਉਨ੍ਹਾਂ ਦੇ ਤਹਿਤ ਤਿਆਰ ਕੀਤੇ ਗਏ ਆਦੇਸ਼ਾਂ ਅਤੇ ਹੋਰ ਸੰਬੰਧਿਤ ਦਸਤਾਵੇਜ਼ਾਂ ਨੂੰ ਦੇਖਣ ਦੀ ਬੇਨਤੀ ਕੀਤੀ ਜਾਂਦੀ ਹੈ। ਕਿਸੇ ਵੀ ਸੁਝਾਅ ਜਾਂ ਫੀਡਬੈਕ ਲਈ, ਕਿਰਪਾ ਕਰਕੇ ਸਾਨੂੰ visitsebi@sebi.gov.in ’ਤੇ ਈਮੇਲ ਕਰੋ।

| | ਸੂਚੀ | ਪੰਨਾ ਨੰ. |
|---|---|---|
| | **ਸ਼ੇਅਰ ਮਾਰਕਿਟ ਦਾ ਪਰਿਚੈ** | |
| ੧ | ਸ਼ੇਅਰ ਮਾਰਕਿਟ ਲਈ ਨਿਯੰਤਰਕ ਢਾਂਚਾ | ੦੨ |
| | ਸਿਕਯੁਰਟੀਜ਼ ਅਤੇ ਸ਼ੇਅਰ ਮਾਰਕਿਟ ਕੀ ਹਨ? | ੦੩ |
| ੩ | ਪ੍ਰਾਇਮਰੀ ਮਾਰਕਿਟ ਅਤੇ ਸੈਕੰਡਰੀ ਮਾਰਕਿਟ | ੦੫ |
| ੪ | ਸ਼ੇਅਰ ਮਾਰਕਿਟ ਵਿੱਚ ਮਾਰਕਿਟ ਇਨਫ੍ਰਾਸਟ੍ਰਕਚਰ ਇੰਸਟਿਟੂਸ਼ਨਸ ਅਤੇ ਮਾਰਕਿਟ ਇੰਟਰਮੀਡੀਅਰੀਜ਼ ਵਿੱਚ ਕੌਣ ਸ਼ਾਮਲ ਹਨ? | ੦੭ |
| | **ਨਿਵੇਸ਼ ਕਰਨ ਦੇ ਮੁੱਢਲੇ ਸਿਧਾਂਤ** | |
| ੫ | ਸ਼ੇਅਰ ਮਾਰਕਿਟ ਵਿੱਚ ਨਿਵੇਸ਼ ਕਰਨ ਵਿੱਚ ਮੁੱਖ ਜੋਖਮ | ੦੯ |
| ੬ | ਜੋਖਮ ਨੂੰ ਕਿਵੇਂ ਘਟਾਇਆ ਜਾਵੇ? | ੧੦ |
| | **ਅਕਾਉਂਟ ਖੋਲ੍ਹਣ ਦੀ ਪ੍ਰਕਿਰਿਆ** | |
| ੭ | ਸ਼ੇਅਰ ਮਾਰਕਿਟ ਵਿੱਚ ਨਿਵੇਸ਼ ਕਰਨ ਲਈ ਪੁਰਬਲੀਆਂ ਸ਼ਰਤਾਂ | ੧੦ |
| ੮ | ਅਕਾਉਂਟ ਖੋਲ੍ਹਣ ਦੀ ਪ੍ਰਕਿਰਿਆ: ਨੋ ਯੋਰ ਕਲਾਇੰਟ (ਕੇ.ਵਾਈ.ਸੀ.) ਪ੍ਰਕਿਰਿਆ | ੧੧ |
| ੯ | ਬੇਸਿਕ ਸਰਵਿਸਿਜ਼ ਡੀਮੈਟ ਅਕਾਉਂਟ (ਬੀ.ਐੱਸ.ਡੀ.ਏ.) | ੧੨ |
| ੧੦ | ਪਾਵਰ ਆਫ਼ ਅਟਾਰਨੀ (ਮੁਖਤਿਆਰਨਾਮਾ) | ੧੩ |
| ੧੧ | ਨਾਮਜ਼ਦਗੀ | ੧੪ |
| | **ਮੈਂ ਸ਼ੇਅਰ ਮਾਰਕਿਟ ਵਿੱਚ ਕਿਵੇਂ ਨਿਵੇਸ਼ ਕਰਾਂ?** | |
| ੧੨ | ਪ੍ਰਾਇਮਰੀ ਮਾਰਕਿਟ ਰਾਹੀਂ ਨਿਵੇਸ਼ | ੧੪ |
| ੧੩ | ਪ੍ਰਾਇਮਰੀ ਮਾਰਕਿਟ ਵਿੱਚ ਨਿਵੇਸ਼ ਕਰਨ ਦੀ ਪ੍ਰਕਿਰਿਆ | ੧੫ |
| ੧੪ | ਬਲਾਕ ਕੀਤੀ ਰਕਮ ਦੁਆਰਾ ਸਮਰਥਿਤ ਅਰਜ਼ੀ (ਏ.ਐੱਸ.ਬੀ.ਏ.) | ੧੬ |
| ੧੫ | ਸੈਕੰਡਰੀ ਮਾਰਕਿਟ ਰਾਹੀਂ ਨਿਵੇਸ਼ | ੧੬ |
| ੧੬ | ਟ੍ਰੇਡਿੰਗ ਦੇ ਦਿਨ ਅਤੇ ਟ੍ਰੇਡਿੰਗ ਅਤੇ ਟ੍ਰੇਡਸ ਦੀ ਸੈਟਲਮੈਂਟ | ੧੭ |
| ੧੭ | ਕਾਨਟ੍ਰੈਕਟ ਨੋਟ | ੧੮ |
| ੧੮ | ਨਿਵੇਸ਼ਕਾਂ ਲਈ ਐੱਸ.ਐੱਮ.ਐੱਸ. ਅਤੇ ਈਮੇਲ ਅਲਰਟ | ੧੯ |
| ੧੯ | ਰਨਿੰਗ ਅਕਾਉਂਟ ਓਥਰਾਇਜ਼ੇਸ਼ਨ | ੨੦ |
| ੨੦ | ਟ੍ਰੇਡ ਦੀ ਤਸਦੀਕ | ੨੦ |
| ੨੧ | ਮਾਰਜਿਨ ਮਨੀ ਕੀ ਹੁੰਦੀ ਹੈ? | ੨੧ |
| ੨੨ | ਸਟਾਕ ਬ੍ਰੋਕਰ ਅਤੇ ਡਿਪਾਜ਼ਿਟਰੀ ਪਾਰਟਿਸਿਪੈਂਟਸ ਤੋਂ ਸਟੇਟਮੈਂਟ ਆਫ਼ ਅਕਾਉਂਟ | ੨੧ |
| ੨੩ | ਕਨਸਾਲਿਡੇਟਿਡ ਅਕਾਉਂਟ ਸਟੇਟਮੈਂਟ (ਸੀ.ਏ.ਐੱਸ.) | ੨੨ |
| ੨੪ | ਡੈਰੀਵੇਟਿਵਜ਼ ਮਾਰਕਿਟ | ੨੨ |
| | **ਮਿਉਚੁਅਲ ਫੰਡਸ ਅਤੇ ਈ.ਟੀ.ਐੱਫ਼.** | |
| ੨੫ | ਮਿਉਚੁਅਲ ਫੰਡਸ | ੨੩ |
| ੨੬ | ਮਿਉਚੁਅਲ ਫੰਡਸ ਵਿੱਚ ਨਿਵੇਸ਼ ਕਿਵੇਂ ਕੀਤਾ ਜਾਵੇ? | ੨੪ |
| ੨੭ | ਮਿਉਚੁਅਲ ਫੰਡਸ ਵਿੱਚ ਉਤਪਾਦ ਲੇਬਲਿੰਗ | ੨੪ |
| ੨੮ | ਐਕਸਚੇਂਜ ਟ੍ਰੇਡਿਡ ਫੰਡਸ (ਈ.ਟੀ.ਐੱਫ਼.) | ੨੫ |
| | **ਸ਼ੇਅਰ ਮਾਰਕਿਟ ਵਿੱਚ ਸ਼ਿਕਾਇਤਾਂ ਦਾ ਨਿਵਾਰਣ** | |
| ੨੯ | ਸੇਬੀ ਕੰਪਲੇਂਟਸ ਰੀਡ੍ਰੈਸ ਸਿਸਟਮ (ਸਕੋਰਸ) | ੨੫ |
| ੩੦ | ਸਟਾਕ ਐਕਸਚੇਂਜ ਅਤੇ ਡਿਪਾਜ਼ਿਟਰੀ ਦਾ ਇਨਵੈਸਟਰ ਸਰਵਿਸਿਜ਼ ਸੈੱਲ | ੨੬ |
| ੩੧ | ਆਰਬਿਟਰੇਸ਼ਨ ਮਕੈਨਿਜ਼ਮ | ੨੭ |

| | | | |
|---|---|---|---|
| ਦਾਅਵਾ ਨਾ ਕੀਤੇ ਗਏ ਸ਼ੇਅਰਾਂ/ ਭੁਗਤਾਨ ਨਾ ਕੀਤੀ ਗਈ ਡਿਵਿਡੈਂਡ ਦੀ ਰਕਮ ਬਾਰੇ ਜਾਣਕਾਰੀ – ਆਈ.ਈ.ਪੀ.ਐੱਫ਼. | | | ੨੭ |
| | | **ਅਨੁਲੱਗ** | |
| ੩੨ | ਅਨੁਲੱਗ – ੧ | ਸ਼ੇਅਰ ਮਾਰਕਿਟ ਵਿੱਚ ਨਿਵੇਸ਼/ ਟ੍ਰੇਡਿੰਗ ਲਈ ਕਰਨ ਅਤੇ ਨਾ ਕਰਨ ਯੋਗ ਕੰਮ | ੨੮ |
| ੩੩ | ਅਨੁਲੱਗ – ੨ | ਨਿਵੇਸ਼ਕਾਂ ਦੇ ਹੱਕ ਅਤੇ ਜ਼ਿੰਮੇਵਾਰੀਆਂ | ੩੦ |
| ੩੪ | ਅਨੁਲੱਗ – ੩ | ਅਪੰਜੀਕ੍ਰਿਤ ਨਿਵੇਸ਼ ਸਲਾਹਕਾਰਾਂ ਦੇ ਵਿਰੁੱਧ ਸਾਵਧਾਨ | ੩੧ |
| ੩੫ | ਅਨੁਲੱਗ – ੪ | ਏ.ਐੱਸ.ਬੀ.ਏ. ਵਿੱਚ ਯੂਨਿਫ਼ਾਇਡ ਪੇਮੈਂਟ ਇੰਟਰਫੇਸ (ਯੂ.ਪੀ.ਆਈ.) | ੩੪ |
| ੩੬ | ਅਨੁਲੱਗ – ੫ | ਸ਼ਬਦਾਵਲੀ | ੩੫ |

**ਜਾਰੀਕਰਤਾ**

भारतीय प्रतिभूति और विनिमय बोर्ड
Securities and Exchange Board of India

NSE IPFT

BSE INVESTORS' PROTECTION FUND

MSE METROPOLITAN STOCK EXCHANGE Investor Protection Fund Trust

NSDL Technology, Trust & Reach IPFT

CDSL

**ਸਤਿ ਸ਼੍ਰੀ ਅਕਾਲ ਅਤੇ ਨਮਸਤੇ...**

ਕੀ ਤੁਸੀਂ ਅਜਿਹੇ ਨਿਵੇਸ਼ਕ ਹੋ ਜੋ ਸ਼ੇਅਰ ਮਾਰਕਿਟ ਵਿੱਚ ਕਿਸੇ ਕੰਪਨੀ ਦੇ ਸ਼ੇਅਰਾਂ ਅਤੇ ਮਿਊਚੁਅਲ ਫੰਡਸ ਵਿੱਚ ਨਿਵੇਸ਼ ਕਰਨਾ ਚਾਹੁੰਦੇ ਹੋ?

ਜੇਕਰ ਹਾਂ, ਤਾਂ ਹੋ ਸਕਦਾ ਹੈ ਕਿ ਤੁਸੀਂ ਸ਼ੇਅਰ ਮਾਰਕਿਟ ਵਿੱਚ ਨਿਵੇਸ਼ ਕਰਨ ਦੇ ਮੁੱਢਲੇ ਸਿਧਾਂਤ ਸਮਝਣਾ ਚਾਹੋ।

ਇਹ ਪੁਸਤਕ ਕਿਸੇ ਖ਼ਾਸ ਨਿਵੇਸ਼ ਲਈ ਗਾਈਡ ਨਹੀਂ ਹੈ, ਪਰ ਇਹ ਸ਼ੇਅਰ ਮਾਰਕਿਟ ਬਾਰੇ ਮੁੱਢਲੀ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਪੁਸਤਕ ਹੋਰ ਨਿਯੰਤਰਕਾਂ ਜਿਵੇਂ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਭਾਰਤੀ ਬੀਮਾ ਨਿਯੰਤਰਕ ਅਤੇ ਵਿਕਾਸ ਅਥਾਰਟੀ (ਆਈ.ਆਰ.ਡੀ.ਏ.ਆਈ.), ਪੈਨਸ਼ਨ ਫ਼ੰਡ ਨਿਯੰਤਰਕ ਅਤੇ ਵਿਕਾਸ ਅਥਾਰਟੀ (ਪੀ.ਐੱਫ਼.ਆਰ.ਡੀ.ਏ.), ਕਾਰਪੋਰੇਟ ਮਾਮਲਿਆਂ ਦਾ ਮੰਤਰਾਲੇ (ਐੱਮ.ਸੀ.ਏ.) ਆਦਿ ਦੇ ਢਾਂਚੇ ਦੇ ਅਧੀਨ ਆਉਣ ਵਾਲੀਆਂ ਸੰਸਥਾਵਾਂ ਵਿੱਚ ਨਿਵੇਸ਼ ਬਾਰੇ ਨਹੀਂ ਹੈ।

# ੧

### ਸ਼ੇਅਰ ਮਾਰਕਿਟਸ ਲਈ ਨਿਯੰਤਰਕ ਢਾਂਚਾ




ਕਿਸੇ ਕੰਪਨੀ ਦੇ ਸ਼ੇਅਰ, ਮਿਉਚੁਅਲ ਫੰਡਸ ਦੇ ਯੂਨਿਟਸ, ਡੈਰੀਵੇਟਿਵਜ਼ ਜਿਹੀਆਂ ਸਿਕਯੂਰਟੀਜ਼ ਅਤੇ ਸਟਾਕ ਐਕਸਚੇਂਜਿਜ਼, ਕਮੋਡਿਟੀ ਡੈਰੀਵੇਟਿਵ ਐਕਸਚੇਂਜਿਜ਼ ਅਤੇ ਡਿਪਾਜ਼ਿਟਰੀਜ਼ ਵਿੱਚ ਖਰੀਦਦਾਰੀ, ਵਿਕਰੀ ਅਤੇ ਉਨ੍ਹਾਂ ਦਾ ਕਾਰੋਬਾਰ ਕਰਨ ਦਾ ਨਿਯਮ ਸੇਬੀ ਐਕਟ, ੧੯੯੨ (ਸੇਬੀ ਐਕਟ) ਅਤੇ ਸੇਬੀ ਦੇ ਵੱਖੋ-ਵੱਖ ਨਿਯਮਾਂ/ ਸਰਕੂਲਰਾਂ/ ਦਿਸ਼ਾਨਿਰਦੇਸ਼ਾਂ/ ਆਦੇਸ਼ਾਂ ਦੇ ਸੰਬੰਧ ਵਿੱਚ ਸਿਕਉਰਟੀਜ਼ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ (ਸੇਬੀ) ਦੇ ਦਾਇਰੇ ਵਿੱਚ ਆਉਂਦਾ ਹੈ।

ਸੇਬੀ ਐਕਟ ਦੇ ਪ੍ਰਬੰਧਾਂ ਦੇ ਮੁਤਾਬਕ ੧੨ ਅਪ੍ਰੈਲ, ੧੯੯੨ ਨੂੰ ਸੇਬੀ ਦੀ ਸਥਾਪਨਾ ਕੀਤੀ ਗਈ ਸੀ। ਸੇਬੀ ਦਾ ਅਧਿਆਦੇਸ਼ ਸਿਕਯੂਰਟੀਜ਼ ਵਿੱਚ ਨਿਵੇਸ਼ਕਾਂ ਦੇ ਹਿਤਾਂ ਦੀ ਰੱਖਿਆ ਕਰਨ ਅਤੇ ਸ਼ੇਅਰ ਮਾਰਕਿਟ ਦੇ ਵਿਕਾਸ ਨੂੰ ਵਧਾਉਣ, ਅਤੇ ਉਸਨੂੰ ਨਿਯੰਤ੍ਰਿਤ ਕਰਨ ਅਤੇ ਉਸ ਨਾਲ ਜੁੜੇ ਜਾਂ ਇਤਫਾਕੀਆ ਮਾਮਲਿਆਂ ਲਈ ਹੈ।

**ਵਰਤਮਾਨ ਵਿੱਚ, "ਸ਼ੇਅਰ ਮਾਰਕਿਟ" ਨੂੰ ਨਿਯੰਤ੍ਰਿਤ ਕਰਨ ਵਾਲੇ ਚਾਰ ਮੁੱਖ ਕਨੂੰਨ ਹਨ:**

ਸੇਬੀ ਐਕਟ, ੧੯੯੨, ਜੋ ਸੇਬੀ ਨੂੰ ਇਨ੍ਹਾਂ ਲਈ ਕਨੂੰਨੀ ਅਧਿਕਾਰ ਦਿੰਦਾ ਹੈ
(੧) ਸਿਕਯੂਰਟੀਜ਼ ਵਿੱਚ ਨਿਵੇਸ਼ਕਾਂ ਦੇ ਹਿਤਾਂ ਦੀ ਰੱਖਿਆ ਕਰਨਾ, (੨) ਸ਼ੇਅਰ ਮਾਰਕਿਟ ਦੇ ਵਿਕਾਸ ਨੂੰ ਵਧਾਉਣਾ, ਅਤੇ
(੩) ਸ਼ੇਅਰ ਮਾਰਕਿਟ ਨੂੰ ਨਿਯੰਤ੍ਰਿਤ ਕਰਨਾ।

ਕੰਪਨੀਜ਼ ਐਕਟ, ੨੦੧੩, ਜੋ ਸਿਕਯੂਰਟੀਜ਼ ਨੂੰ ਜਾਰੀ ਕਰਨ, ਉਨ੍ਹਾਂ ਦੀ ਅਲਾਟਮੈਂਟ ਅਤੇ ਟ੍ਰਾਂਸਫਰ, ਅਤੇ ਸਿਕਯੂਰਟੀਜ਼ ਦੇ ਪਬਲਿਕ ਇਸ਼ੂਜ਼ ਨਾਲ ਜੁੜੇ ਮਾਮਲਿਆਂ ਲਈ ਨਿਯਮ ਪ੍ਰਦਾਨ ਕਰਦਾ ਹੈ;

ਸਿਕਯੂਰਟੀਜ਼ ਕਾਨਟ੍ਰੈਕਟਸ (ਰੈਗੂਲੇਸ਼ਨ) ਐਕਟ, ੧੯੫੬ ਜਿਸ ਵਿੱਚ ਕਿਸੇ ਸਟਾਕ ਐਕਸਚੇਂਜ ਵਿੱਚ ਲੈਣ-ਦੇਣ ਦੀ ਪਛਾਣ ਅਤੇ ਨਿਯੰਤ੍ਰਣ ਦਾ ਪ੍ਰਬੰਧ ਹੈ।

ਡਿਪਾਜ਼ਿਟਰੀਜ਼ ਐਕਟ, ੧੯੯੬, ਜਿਸ ਵਿੱਚ ਡੀਮੈਟੀਰੀਅਲਾਇਜ਼ ਕੀਤੇ (ਡੀਮੈਟ) ਸ਼ੇਅਰਾਂ ਨੂੰ ਇਲੈਕਟ੍ਰਾਨਿਕ ਸਰੂਪ ਵਿੱਚ ਰੱਖਣ ਅਤੇ ਉਨ੍ਹਾਂ ਦੀ ਮਲਕੀਅਤ ਦੇ ਟ੍ਰਾਂਸਫਰ ਦਾ ਪ੍ਰਬੰਧ ਹੈ।



# ੨

## ਸਿਕਯੁਰਟੀਜ਼ ਅਤੇ ਸ਼ੇਅਰ ਮਾਰਕਿਟ ਕੀ ਹਨ?

ਇਕਵਿਟੀ ਸ਼ੇਅਰ ਜਾਂ ਆਮ ਤੌਰ 'ਤੇ ਜਿਨ੍ਹਾਂ ਨੂੰ ਸ਼ੇਅਰ ਕਿਹਾ ਜਾਂਦਾ ਹੈ, ਕਿਸੇ ਕੰਪਨੀ ਦੀ ਮਲਕੀਅਤ ਵਿੱਚ ਹਿੱਸੇਦਾਰੀ ਦਰਸਾਉਂਦੇ ਹਨ। ਇੱਕ ਨਿਵੇਸ਼ਕ ਜੋ ਕਿਸੇ ਕੰਪਨੀ ਦੇ ਸ਼ੇਅਰਾਂ ਵਿੱਚ ਨਿਵੇਸ਼ ਕਰਦਾ ਹੈ ਉਸਨੂੰ ਸ਼ੇਅਰਧਾਰਕ ਕਿਹਾ ਜਾਂਦਾ ਹੈ, ਅਤੇ ਉਸਨੂੰ ਕੰਪਨੀ ਦੇ ਮੁਨਾਫ਼ੇ ਵਿੱਚੋਂ ਸਾਰੇ ਕਾਰਪੋਰੇਟ ਫ਼ਾਇਦੇ, ਜਿਵੇਂ ਡਿਵਿਡੈਂਡ, ਹਾਸਿਲ ਕਰਨ ਦਾ ਹੱਕ ਹੁੰਦਾ ਹੈ। ਇੱਕ ਨਿਵੇਸ਼ਕ ਨੂੰ ਕੰਪਨੀ ਦੀ ਜਨਰਲ ਮੀਟਿੰਗ ਵਿੱਚ ਕੰਪਨੀ ਦੀ ਫੈਸਲੇ ਲੈਣ ਦੀ ਪ੍ਰਕਿਰਿਆ ਦੇ ਸੰਬੰਧ ਵਿੱਚ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਕਰਨ ਦਾ ਹੱਕ ਵੀ ਹੁੰਦਾ ਹੈ।



ਡੈਟ ਸਿਕਯੁਰਟੀਜ਼ ਉਸ ਰਕਮ ਨੂੰ ਦਰਸਾਉਂਦੀਆਂ ਹਨ ਜੋ ਕੰਪਨੀ / ਸੰਸਥਾ ਦੁਆਰਾ ਕਿਸੇ ਨਿਵੇਸ਼ਕ ਤੋਂ ਉਧਾਰ ਲਈ ਗਈ ਹੈ ਅਤੇ ਨਿਵੇਸ਼ਕ ਨੂੰ ਉਸਦਾ ਮੁੜ ਭੁਗਤਾਨ ਕਰਨਾ ਜ਼ਰੂਰੀ ਹੈ। ਡੈਟ ਸਿਕਯੁਰਟੀਜ਼ ਨੂੰ ਡਿਬੈਂਚਰਸ ਜਾਂ ਬਾਂਡਸ ਵੀ ਕਿਹਾ ਜਾਂਦਾ ਹੈ। ਇੱਕ ਨਿਵੇਸ਼ਕ ਜੋ ਡੈਟ ਸ਼ੇਅਰਾਂ ਵਿੱਚ ਨਿਵੇਸ਼ ਕਰਦਾ ਹੈ ਉਸਨੂੰ ਵਿਆਜ ਦਾ ਭੁਗਤਾਨ/ਕੂਪਨ ਅਤੇ ਮੂਲ ਰਕਮ (ਯਾਨੀ ਨਿਵੇਸ਼ ਕੀਤੀ ਗਈ ਰਕਮ) ਲਈ ਮੁੜ ਭੁਗਤਾਨ ਹਾਸਿਲ ਕਰਨ ਦਾ ਹੱਕ ਹੁੰਦਾ ਹੈ। ਡੈਟ ਸਿਕਯੁਰਟੀਜ਼ ਨਿਰਧਾਰਿਤ ਮਿਆਦ ਲਈ ਜਾਰੀ ਕੀਤੀਆਂ ਜਾਂਦੀਆਂ ਹਨ, ਜਿਸਦੀ ਸਮਾਪਤੀ 'ਤੇ ਸਿਕਯੁਰਟੀਜ਼ ਜਾਰੀਕਰਤਾ ਦੁਆਰਾ ਸ਼ੇਅਰ ਛੁਡਾਏ ਜਾ ਸਕਦੇ ਹਨ। ਡੈਟ ਸਿਕਯੁਰਟੀਜ਼ ਸੁਰੱਖਿਅਤ (ਅਮਾਨਤ ਦੁਆਰਾ ਸਮਰਥਿਤ) ਜਾਂ ਅਸੁਰੱਖਿਅਤ ਹੋ ਸਕਦੀਆਂ ਹਨ।




ਡੈਰੀਵੇਟਿਵਜ਼ ਉਹ ਵਿੱਤੀ ਇੰਸਟ੍ਰੂਮੈਂਟਸ ਹੁੰਦੇ ਹਨ ਜਿਨ੍ਹਾਂ ਦਾ ਮੁੱਲ ਕਿਸੇ ਹੋਰ ਸੰਪਦਾ ਦੇ ਮੁੱਲ 'ਤੇ ਨਿਰਭਰ ਕਰਦਾ ਹੈ ਜਿਵੇਂ ਸ਼ੇਅਰ, ਡੈਟ ਸ਼ੇਅਰ, ਕਮੋਡਿਟੀਜ਼, ਆਦਿ। ਐਕਸਚੇਂਜ ਟ੍ਰੇਡਿਡ ਡੈਰੀਵੇਟਿਵਜ਼ ਦੀਆਂ ਮੁੱਖ ਕਿਸਮਾਂ ਫਿਊਚਰਸ ਅਤੇ ਆਪਸ਼ਨਸ ਹਨ।



ਮਿਊਚੁਅਲ ਫੰਡਸ ਇਸ ਕਿਸਮ ਦੇ ਵਿੱਤੀ ਇੰਸਟ੍ਰੂਮੈਂਟਸ ਹੁੰਦੇ ਹਨ ਜੋ ਕਈ ਨਿਵੇਸ਼ਕਾਂ ਤੋਂ ਇੱਕਠੀ ਕੀਤੀ ਗਈ ਸਮੂਹਕ ਰਕਮ ਤੋਂ ਬਣਦੇ ਹਨ। ਫਿਰ, ਇਹ ਫੰਡਸ/ ਮਿਊਚੁਅਲ ਫੰਡਸ ਸਿਕਯੁਰਟੀਜ਼, ਜਿਵੇਂ ਸ਼ੇਅਰ, ਬਾਂਡਸ, ਮਨੀ ਮਾਰਕਿਟ ਦੇ ਇੰਸਟ੍ਰੂਮੈਂਟਸ ਅਤੇ ਹੋਰ ਸੰਪਦਾਵਾਂ, ਵਿੱਚ ਨਿਵੇਸ਼ ਕਰਦੇ ਹਨ।



ਸ਼ੇਅਰ ਮਾਰਕਿਟ ਅਜਿਹੀ ਥਾਂ ਹੁੰਦੀ ਹੈ ਜਿੱਥੇ ਕੰਪਨੀਆਂ ਨਿਵੇਸ਼ਕਾਂ (ਪਬਲਿਕ/ਲੋਕਾਂ) ਨੂੰ ਸਿਕਯੁਰਟੀਜ਼, ਜਿਵੇਂ ਇਕਵਿਟੀ ਸ਼ੇਅਰ, ਡੈਟ ਸਿਕਯੁਰਟੀਜ਼, ਆਦਿ ਜਾਰੀ ਕਰ ਕੇ ਰਕਮ ਇਕੱਠੀ ਕਰ ਸਕਦੀਆਂ ਹਨ ਅਤੇ ਅਜਿਹੀ ਥਾਂ ਵੀ ਹੁੰਦੀ ਹੈ ਜਿੱਥੇ ਨਿਵੇਸ਼ਕ ਵੱਖੋ-ਵੱਖ ਸਿਕਯੁਰਟੀਜ਼ (ਸ਼ੇਅਰ, ਬਾਂਡਸ, ਆਦਿ) ਖਰੀਦ ਜਾਂ ਵੇਚ ਵੀ ਸਕਦੇ ਹਨ। ਪਬਲਿਕ/ਲੋਕਾਂ ਨੂੰ ਸ਼ੇਅਰ (ਜਾਂ ਸਿਕਯੁਰਟੀਜ਼) ਜਾਰੀ ਕਰਨ ਤੋਂ ਬਾਅਦ, ਕੰਪਨੀ ਲਈ ਸ਼ੇਅਰਾਂ (ਜਾਂ ਸਿਕਯੁਰਟੀਜ਼) ਨੂੰ ਮਾਨਤਾ ਪ੍ਰਾਪਤ ਸਟਾਕ ਐਕਸਚੇਂਜ ਵਿੱਚ ਲਿਸਟ ਕਰਨਾ ਜ਼ਰੂਰੀ ਹੁੰਦਾ ਹੈ। ਇਸ ਲਈ ਸ਼ੇਅਰ ਮਾਰਕਿਟ ਕੈਪਿਟਲ ਮਾਰਕਿਟ ਦਾ ਹਿੱਸਾ ਹੁੰਦੀ ਹੈ।



ਸ਼ੇਅਰ ਮਾਰਕਿਟ ਦਾ ਪ੍ਰਾਥਮਿਕ ਕਾਰਜ ਨਿਵੇਸ਼ਕਾਂ ਤੋਂ ਉਨ੍ਹਾਂ ਵਿੱਚ ਬਚਤ ਦੀ ਵੰਡ ਨੂੰ ਯੋਗ ਬਣਾਉਣਾ ਹੈ ਜਿਨ੍ਹਾਂ ਨੂੰ ਉਸਦੀ ਲੋੜ ਹੁੰਦੀ ਹੈ। ਇਹ ਓਦੋਂ ਹੁੰਦਾ ਹੈ ਜਦੋਂ ਨਿਵੇਸ਼ਕ ਉਨ੍ਹਾਂ ਕੰਪਨੀਆਂ / ਸੰਸਥਾਵਾਂ ਦੀਆਂ ਸਿਕਯੁਰਟੀਜ਼ ਵਿੱਚ ਨਿਵੇਸ਼ ਕਰਦੇ ਹਨ ਜਿਨ੍ਹਾਂ ਨੂੰ ਰਕਮ ਦੀ ਲੋੜ ਹੁੰਦੀ ਹੈ। ਨਿਵੇਸ਼ਕਾਂ ਨੂੰ ਵਿਆਜ, ਡਿਵਿਡੈਂਡ, ਰਕਮ ਵਿੱਚ ਵਾਧਾ, ਬੋਨਸ ਸ਼ੇਅਰ, ਆਦਿ ਜਿਹੇ ਫ਼ਾਇਦੇ ਹਾਸਿਲ ਕਰਨ ਦਾ ਹੱਕ ਹੁੰਦਾ ਹੈ। ਅਜਿਹੇ ਨਿਵੇਸ਼ ਦੇਸ਼ ਦੇ ਆਰਥਿਕ ਵਿਕਾਸ ਵਿੱਚ ਯੋਗਦਾਨ ਦਿੰਦੇ ਹਨ।



**ਸ਼ੇਅਰ ਮਾਰਕਿਟ ਦੇ ਦੋ ਸੁਤੰਤਰ ਅਤੇ ਅਟੁੱਟ ਹਿੱਸੇ ਹਨ, ਜੋ ਹੇਠਾਂ ਦੱਸੇ ਗਏ ਹਨ:**

**ਸ਼ੇਅਰ ਮਾਰਕਿਟ**

- ੧ **ਪ੍ਰਾਇਮਰੀ ਮਾਰਕਿਟ**
  - ੧ **ਉਦੇਸ਼: ਰਕਮ ਇਕੱਠੀ ਕਰਨਾ**
  - ੨ **ਇਸ ਵਿੱਚ ਆਈ.ਪੀ.ਓ., ਯਾਨੀ ਇਨਿਸ਼ਲ ਪਬਲਿਕ ਆਫ਼ਰ, ਰਾਹੀਂ ਨਵੀਆਂ ਸਿਕਯੁਰਟੀਜ਼ ਜਾਰੀ ਕਰਨਾ ਸ਼ਾਮਲ ਹੈ।**
- ੨ **ਸੈਕੰਡਰੀ ਮਾਰਕਿਟ**
  - ੧ **ਉਦੇਸ਼: ਰਕਮ ਵਿੱਚ ਵਾਧਾ**
  - ੨ **ਇਸ ਵਿੱਚ ਲੋਕਾਂ ਨੂੰ ਪਹਿਲਾਂ ਪੇਸ਼ ਕੀਤੀਆਂ ਗਈਆਂ ਸਿਕਯੁਰਟੀਜ਼ ਵਿੱਚ ਅੱਗੇ ਟ੍ਰੇਡਿੰਗ ਸ਼ਾਮਲ ਹੈ।**

# ੩

## ਪ੍ਰਾਇਮਰੀ ਮਾਰਕਿਟ ਅਤੇ ਸੈਕੰਡਰੀ ਮਾਰਕਿਟ




ਪ੍ਰਾਇਮਰੀ ਮਾਰਕਿਟ: ਇਸ ਮਾਰਕਿਟ ਨੂੰ ਨਿਊ ਇਸ਼ੂਜ਼ ਮਾਰਕਿਟ ਵੀ ਕਿਹਾ ਜਾਂਦਾ ਹੈ ਜਿੱਥੇ ਕੰਪਨੀਆਂ / ਸੰਸਥਾਵਾਂ ਨਵੀਆਂ ਸਿਕਯੁਰਟੀਜ਼ (ਸ਼ੇਅਰ, ਡਿਬੈਂਚਰ, ਬਾਂਡ, ਆਦਿ ਜਾਰੀ ਕਰ ਕੇ ਲੋਕਾਂ ਤੋਂ ਰਕਮ (ਕੈਪਿਟਲ) ਇਕੱਠੀ ਕਰਦੀਆਂ ਹਨ।

**ਦੋ ਮੁੱਖ ਕਿਸਮ ਦੇ ਸਿਕਯੁਰਟੀਜ਼ ਜਾਰੀਕਰਤਾ ਹੁੰਦੇ ਹਨ:**

- ਕਾਰਪੋਰੇਟ ਸੰਸਥਾਵਾਂ (ਕੰਪਨੀਆਂ) ਜੋ ਮੁੱਖ ਤੌਰ 'ਤੇ ਇਕਵਿਟੀ ਇੰਸਟ੍ਰੂਮੈਂਟਸ (ਸ਼ੇਅਰ) ਅਤੇ ਡੈਟ ਇੰਸਟ੍ਰੂਮੈਂਟਸ (ਬਾਂਡ, ਡਿਬੈਂਚਰ, ਆਦਿ) ਜਾਰੀ ਕਰਦੀਆਂ ਹਨ।

- ਸਰਕਾਰ (ਕੇਂਦਰੀ ਅਤੇ ਸੂਬਾਈ) ਜੋ ਡੈਟ ਸਿਕਯੁਰਟੀਜ਼ (ਡੇਟਿਡ ਸਿਕਯੁਰਟੀਜ਼ ਅਤੇ ਟ੍ਰੇਜ਼ਰੀ ਬਿੱਲਜ਼) ਜਾਰੀ ਕਰਦੀ ਹੈ।

**ਪ੍ਰਾਇਮਰੀ ਮਾਰਕਿਟ ਵਿੱਚ ਕੀਤੇ ਜਾਣ ਵਾਲੇ ਇਸ਼ੂਜ਼ ਦੀਆਂ ਕਿਸਮਾਂ ਇਹ ਹਨ:**

### ੧ ਪਬਲਿਕ ਇਸ਼ੂ

ਆਮ ਲੋਕਾਂ ਨੂੰ ਸਿਕਯੁਰਟੀਜ਼ ਜਾਰੀ ਕੀਤੀਆਂ ਜਾਂਦੀਆਂ ਹਨ ਅਤੇ ਕੋਈ ਵੀ ਉਨ੍ਹਾਂ ਨੂੰ ਸਬਸਕ੍ਰਾਇਬ ਕਰ ਸਕਦਾ ਹੈ। ਇਕਵਿਟੀ ਸ਼ੇਅਰਾਂ ਦੇ ਪਬਲਿਕ ਇਸ਼ੂ ਨੂੰ ਇਸ ਤਰ੍ਹਾਂ ਵੰਡਿਆ ਜਾ ਸਕਦਾ ਹੈ:



i. ਇਨਿਸ਼ਲ ਪਬਲਿਕ ਆਫ਼ਰ (ਆਈ.ਪੀ.ਓ.):

ਇੱਕ ਆਈ.ਪੀ.ਓ. ਉਹ ਹੁੰਦਾ ਹੈ ਜਿਸ ਵਿੱਚ ਕਿਸੇ ਕੰਪਨੀ ਦੁਆਰਾ ਸ਼ੇਅਰਾਂ ਦਾ ਪਹਿਲਾ ਪਬਲਿਕ ਆਫ਼ਰ ਦਿੱਤਾ ਜਾਂਦਾ ਹੈ। ਆਈ.ਪੀ.ਓ. ਇਨ੍ਹਾਂ ਸਰੂਪਾਂ ਵਿੱਚ ਹੋ ਸਕਦਾ ਹੈ:

- ਸ਼ੇਅਰਾਂ ਦਾ ਤਾਜ਼ਾ ਇਸ਼ੂ ਜਿਸ ਵਿੱਚ ਕੰਪਨੀ ਦੁਆਰਾ ਜਨਤੱਕ ਨਿਵੇਸ਼ਕਾਂ ਨੂੰ ਨਵੇਂ ਸ਼ੇਅਰ ਜਾਰੀ ਕੀਤੇ ਜਾਂਦੇ ਹਨ। ਇਸ ਕਿਸਮ ਦੇ ਇਸ਼ੂ ਵਿੱਚ, ਨਿਵੇਸ਼ਕਾਂ ਦੀ ਰਕਮ ਕੰਪਨੀ ਨੂੰ ਜਾਵੇਗੀ ਜਿਸਨੂੰ ਉਸ ਉਦੇਸ਼ ਲਈ ਵਰਤਿਆ ਜਾਵੇਗਾ ਜਿਸ ਵਾਸਤੇ ਇਸ਼ੂ ਲਿਆਇਆ ਗਿਆ ਸੀ।

- ਆਫ਼ਰ ਫ਼ਾਰ ਸੇਲ ਜਿਸ ਵਿੱਚ ਮੌਜੂਦਾ ਸ਼ੇਅਰਧਾਰਕ, ਜਿਵੇਂ ਪ੍ਰਮੋਟਰ ਜਾਂ ਵਿੱਤੀ ਸੰਸਥਾਵਾਂ ਜਾਂ ਕੋਈ ਹੋਰ ਵਿਅਕਤੀ ਲੋਕਾਂ ਨੂੰ ਆਪਣੀ ਹੋਲਡਿੰਗ ਦੀ ਪੇਸ਼ਕਸ਼ ਕਰਦਾ ਹੈ। ਇਸ ਕਿਸਮ ਦੇ ਇਸ਼ੂ ਵਿੱਚ, ਨਿਵੇਸ਼ਕਾਂ ਦੀ ਰਕਮ ਅਜਿਹੇ ਸ਼ੇਅਰ ਵਿਕਰੇਤਾਵਾਂ ਨੂੰ ਜਾਵੇਗੀ ਅਤੇ ਕੰਪਨੀ ਨੂੰ ਨਹੀਂ।

### ii. ਫ਼ਾਲੋ-ਆਨ ਪਬਲਿਕ ਆਫ਼ਰ (ਐੱਫ਼.ਪੀ.ਓ.):

ਇਹ ਉਸ ਕੰਪਨੀ/ ਜਾਰੀਕਰਤਾ ਦੁਆਰਾ ਤਿਆਰ ਕੀਤਾ ਜਾਂਦਾ ਹੈ ਜੋ ਪਹਿਲਾਂ ਇੱਕ ਆਈ.ਪੀ.ਓ. ਕਰ ਚੁੱਕੀ/ਚੁੱਕਾ ਹੈ ਅਤੇ ਹੁਣ ਲੋਕਾਂ ਨੂੰ ਸਿਕਯੁਰਟੀਜ਼ ਦਾ ਦੁਬਾਰਾ ਇਸ਼ੂ ਪੇਸ਼ ਕਰ ਰਹੀ/ਰਿਹਾ ਹੈ।

## ੨ ਤਰਜੀਹੀ ਇਸ਼ੂ



ਇਸ ਤਰ੍ਹਾਂ ਦੇ ਇਸ਼ੂ ਵਿੱਚ, ਨਿਵੇਸ਼ਕਾਂ ਦੇ ਇੱਕ ਨਿਰਧਾਰਿਤ ਸਮੂਹ ਨੂੰ ਸਿਕਯੁਰਟੀਜ਼ ਜਾਰੀ ਕੀਤੀਆਂ ਜਾਂਦੀਆਂ ਹਨ, ਜਿਵੇਂ ਪ੍ਰਮੋਟਰ, ਰਣਨੀਤਕ ਨਿਵੇਸ਼ਕ, ਕਰਮਚਾਰੀ, ਆਦਿ।

## ੩ ਰਾਇਟਸ ਇਸ਼ੂ



ਜਦੋਂ ਕੰਪਨੀ ਆਪਣੇ ਮੌਜੂਦਾ ਸ਼ੇਅਰਧਾਰਕਾਂ ਦੀ ਮੌਜੂਦਾ ਸ਼ੇਅਰਹੋਲਡਿੰਗ ਦੇ ਅਨੁਪਾਤ ਵਿੱਚ, ਉਨ੍ਹਾਂ ਨੂੰ ਨਵੇਂ ਜਾਰੀ ਕੀਤੇ ਗਏ ਸ਼ੇਅਰਾਂ ਨੂੰ ਸਬਸਕ੍ਰਾਇਬ ਕਰਨ ਦਾ ਹੱਕ ਦਿੰਦੀ ਹੈ, ਤਾਂ ਉਸਨੂੰ ਰਾਇਟਸ ਇਸ਼ੂ ਕਿਹਾ ਜਾਂਦਾ ਹੈ।

## ੪ ਬੋਨਸ ਇਸ਼ੂ



ਜਦੋਂ ਕੰਪਨੀ ਦੇ ਮੌਜੂਦਾ ਸ਼ੇਅਰਧਾਰਕਾਂ ਦੀ ਮੌਜੂਦਾ ਸ਼ੇਅਰਹੋਲਡਿੰਗ ਦੇ ਅਨੁਪਾਤ ਵਿੱਚ ਅਤੇ ਕਿਸੇ ਵਾਧੂ ਕੀਮਤ ਤੋਂ ਬਿਨਾਂ, ਉਨ੍ਹਾਂ ਨੂੰ ਵਾਧੂ ਸ਼ੇਅਰ ਜਾਰੀ ਕੀਤੇ ਜਾਂਦੇ ਹਨ, ਤਾਂ ਉਸਨੂੰ ਬੋਨਸ ਇਸ਼ੂ ਕਿਹਾ ਜਾਂਦਾ ਹੈ।

ਲੋਕਾਂ ਤੋਂ ਰਕਮ ਇਕੱਠੀ ਕਰਨ ਲਈ, ਕੰਪਨੀਆਂ ਨੂੰ ਸੇਬੀ ਕੋਲ ਇੱਕ ਆਫ਼ਰ ਦਸਤਾਵੇਜ਼ ਦਾਇਰ ਕਰਨ ਦੀ ਜ਼ਰੂਰਤ ਹੁੰਦੀ ਹੈ ਜਿਸਨੂੰ ਡ੍ਰਾਫ਼ਟ ਰੈੱਡ ਹੈਰਿੰਗ ਪ੍ਰਾਸਪੈਕਟਸ ਜਾਂ ਡ੍ਰਾਫ਼ਟ ਪ੍ਰਾਸਪੈਕਟਸ ਕਿਹਾ ਜਾਂਦਾ ਹੈ। ਇਸ ਪ੍ਰਾਸਪੈਕਟਸ ਵਿੱਚ ਅਜਿਹਾ ਬਿਓਰਾ ਹੁੰਦਾ ਹੈ ਜਿਵੇਂ ਕੰਪਨੀ ਦਾ ਇਤਿਹਾਸ, ਪ੍ਰਮੋਟਰਾਂ ਦਾ ਬਿਓਰਾ, ਬਿਜ਼ਨਸ ਮਾਡਲ, ਕੰਪਨੀ ਦਾ ਵਿੱਤੀ ਇਤਿਹਾਸ, ਉਸ ਕਾਰੋਬਾਰ ਵਿੱਚ ਜੋਖਮ, ਉਹ ਉਦੇਸ਼ ਜਿਸ ਲਈ ਰਕਮ ਇਕੱਠੀ ਕੀਤੀ ਜਾ ਰਹੀ ਹੈ, ਇਸ਼ੂ ਦੀਆਂ ਸ਼ਰਤਾਂ ਅਤੇ ਅਜਿਹੀ ਕੋਈ ਹੋਰ ਜਾਣਕਾਰੀ ਜੋ ਉਸ ਕੰਪਨੀ ਦੇ ਸ਼ੇਅਰਾਂ ਵਿੱਚ ਨਿਵੇਸ਼ ਕਰਨ ਬਾਰੇ ਸੂਚਿਤ ਫੈਸਲਾ ਲੈਣ ਵਿੱਚ ਨਿਵੇਸ਼ਕ ਲਈ ਮਦਦਗਾਰ ਹੋਵੇਗੀ। ਪ੍ਰਾਇਮਰੀ ਮਾਰਕਿਟ ਵਿੱਚ ਜਾਰੀ ਕੀਤੀਆਂ ਜਾਣ ਵਾਲੀਆਂ ਸਿਕਯੁਰਟੀਜ਼, ਇਸ਼ੂ ਬੰਦ ਹੋਣ ਦੀ ਤਾਰੀਖ਼ ਤੋਂ ਬਾਅਦ ਛੇ (੦੬) ਤੋਂ ਘੱਟ ਕਾਰੋਬਾਰੀ ਦਿਨਾਂ ਦੇ ਅੰਦਰ ਕਿਸੇ ਮਾਨਤਾ ਪ੍ਰਾਪਤ ਸਟਾਕ ਐਕਸਚੇਂਜ ਵਿੱਚ ਲਿਸਟ ਕੀਤੀਆਂ ਜਾਂਦੀਆਂ ਹਨ। ਫਿਰ ਸ਼ੇਅਰ ਉਨ੍ਹਾਂ ਮਾਨਤਾ ਪ੍ਰਾਪਤ ਸਟਾਕ ਐਕਸਚੇਂਜਾਂ ਵਿੱਚ ਲਿਸਟ ਕੀਤੇ ਜਾਂਦੇ ਹਨ ਜਿੱਥੇ ਸ਼ੇਅਰਾਂ ਵਿੱਚ ਅੱਗੇ ਟ੍ਰੇਡਿੰਗ ਹੁੰਦੀ ਹੈ।

ਕੰਪਨੀ ਵੱਲੋਂ ਅਲਾਟ ਕੀਤੇ ਗਏ ਸ਼ੇਅਰ ਨਿਵੇਸ਼ਕ ਦੇ ਡੀਮੈਟ ਅਕਾਉਂਟ ਵਿੱਚ ਕ੍ਰੈਡਿਟ ਕਰ ਦਿੱਤੇ ਜਾਂਦੇ ਹਨ, ਜੋ ਸੇਬੀ ਵਿੱਚ ਕਿਸੇ ਰਜਿਸਟਰਡ ਡਿਪਾਜ਼ਿਟਰੀ ਪਾਰਟਿਸਿਪੈਂਟ (ਡੀ.ਪੀ.) ਰਾਹੀਂ ਕਿਸੇ ਡਿਪਾਜ਼ਿਟਰੀ ਵਿੱਚ ਕਾਇਮ ਰੱਖਿਆ ਜਾਂਦਾ ਹੈ। ਨਿਵੇਸ਼ਕ ਸੇਬੀ ਵਿੱਚ ਰਜਿਸਟਰਡ ਕਿਸੇ ਸਟਾਕ ਬ੍ਰੋਕਰ ਰਾਹੀਂ ਸਟਾਕ ਐਕਸਚੇਂਜਾਂ ਵਿੱਚ ਸ਼ੇਅਰ ਵੇਚ ਕੇ ਰਕਮ ਪ੍ਰਾਪਤ ਕਰ ਸਕਦਾ ਹੈ।

भारतीय प्रतिभूति और विनिमय बोर्ड
Securities and Exchange Board of India

**ਸੈਕੰਡਰੀ ਮਾਰਕਿਟ:** ਪ੍ਰਾਇਮਰੀ ਮਾਰਕਿਟ ਵਿੱਚ ਸਿਕਯੁਰਟੀਜ਼ ਜਾਰੀ ਕਰਨ ਤੋਂ ਬਾਅਦ, ਉਹ ਸਟਾਕ ਐਕਸਚੇਂਜਾਂ ਵਿੱਚ ਲਿਸਟ ਕੀਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਸਟਾਕ ਐਕਸਚੇਂਜਾਂ ਰਾਹੀਂ ਨਿਵੇਸ਼ਕ ਇਨ੍ਹਾਂ ਲਿਸਟ ਕੀਤੀਆਂ ਗਈਆਂ ਸਿਕਯੁਰਟੀਜ਼ ਨੂੰ ਖਰੀਦ ਜਾਂ ਵੇਚ ਸਕਦੇ ਹਨ। ਸਟਾਕ ਐਕਸਚੇਂਜਾਂ ਦੇ ਦੋ ਮੁੱਖ ਖੰਡ ਹਨ - ਕੈਸ਼ ਮਾਰਕਿਟ ਸੇਗਮੈਂਟ ਅਤੇ ਡੈਰੀਵੇਟਿਵਜ਼ ਮਾਰਕਿਟ ਸੇਗਮੈਂਟ।



# ੪

## ਸ਼ੇਅਰ ਮਾਰਕਿਟ ਵਿੱਚ ਮਾਰਕਿਟ ਇਨਫ੍ਰਾਸਟ੍ਰਕਚਰ ਇੰਸਟਿਟੂਸ਼ਨਸ ਅਤੇ ਮਾਰਕਿਟ ਇੰਟਰਮੀਡੀਅਰੀਜ਼ ਵਿੱਚ ਕੌਣ ਸ਼ਾਮਲ ਹਨ?



ਮਾਰਕਿਟ ਇਨਫ੍ਰਾਸਟ੍ਰਕਚਰ ਇੰਸਟਿਟੂਸ਼ਨਸ: ਸਟਾਕ ਐਕਸਚੇਂਜਾਂ, ਡਿਪਾਜ਼ਿਟਰੀਜ਼ ਅਤੇ ਕਲੀਅਰਿੰਗ ਕਾਰਪੋਰੇਸ਼ਨਸ ਦੁਆਰਾ ਸ਼ੇਅਰ ਮਾਰਕਿਟ ਵਿੱਚ ਲੈਣ-ਦੇਣ (ਜਿਵੇਂ ਸਿਕਯੁਰਟੀਜ਼ ਜਾਰੀ ਕਰਨਾ, ਖਰੀਦਣਾ ਅਤੇ ਵੇਚਣਾ) ਨੂੰ ਸੌਖਾ ਕਰਨ ਲਈ ਬੁਨਿਆਦੀ ਢਾਂਚਾ ਪ੍ਰਦਾਨ ਕੀਤਾ ਜਾਂਦਾ ਹੈ। ਇਨ੍ਹਾਂ ਸੰਸਥਾਵਾਂ ਨੂੰ ਮਾਰਕਿਟ ਇਨਫ੍ਰਾਸਟ੍ਰਕਚਰ ਇੰਸਟਿਟੂਸ਼ਨਸ (ਐੱਮ.ਆਈ.ਆਈ.) ਕਿਹਾ ਜਾਂਦਾ ਹੈ। ਸੇਬੀ ਵਿੱਚ ਰਜਿਸਟਰਡ ਮਾਰਕਿਟ ਇਨਫ੍ਰਾਸਟ੍ਰਕਚਰ ਇੰਸਟਿਟੂਸ਼ਨਸ (ਐੱਮ.ਆਈ.ਆਈ.) ਦੀ ਸੂਚੀ ਇਸ ਲਿੰਕ 'ਤੇ ਉਪਲਬਧ ਹੈ:
https://www.sebi.gov.in/intermediaries.html.



ਸਟਾਕ ਐਕਸਚੇਂਜਾਂ ਆਪਣੇ ਰਜਿਸਟਰਡ ਸਟਾਕ ਬ੍ਰੋਕਰਾਂ ਰਾਹੀਂ ਅਤੇ ਮਾਰਕਿਟ ਦੁਆਰਾ ਨਿਰਧਾਰਿਤ ਕੀਮਤਾਂ 'ਤੇ, ਇੱਕ ਜਾਇਜ਼ ਤਰੀਕੇ ਨਾਲ, ਸਿਕਯੁਰਟੀਜ਼ ਨੂੰ ਖਰੀਦਣਾ ਅਤੇ ਵੇਚਣਾ ਸੌਖਾ ਕਰਨ ਲਈ ਇੱਕ ਦੇਸ਼-ਵਿਆਪੀ ਕੰਪਿਊਟਰਾਈਜ਼ਡ ਸਕ੍ਰੀਨ ਅਧਾਰਤ ਟ੍ਰੇਡਿੰਗ ਪਲੇਟਫ਼ਾਰਮ ਪ੍ਰਦਾਨ ਕਰਦੀਆਂ ਹਨ। ਭਾਰਤ ਵਿੱਚ ਮੌਜੂਦ ਸੇਬੀ ਵੱਲੋਂ ਮਾਨਤਾ ਪ੍ਰਾਪਤ ਸਟਾਕ ਐਕਸਚੇਂਜਾਂ ਦੀ ਸੂਚੀ ਇਸ ਲਿੰਕ 'ਤੇ ਉਪਲਬਧ ਹੈ:
https://www.sebi.gov.in/stock-exchanges.html.

ਦੇਸ਼-ਵਿਆਪੀ ਪ੍ਰਮੁੱਖ ਸਟਾਕ ਐਕਸਚੇਂਜਾਂ ਬੀ.ਐੱਸ.ਈ. ਲਿਮਿਟਿਡ (ਬੀ.ਐੱਸ.ਈ.), ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਿਟਿਡ (ਐੱਨ.ਐੱਸ.ਈ.) ਅਤੇ ਮੇਟ੍ਰੋਪਾਲਿਟਨ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਿਟਿਡ (ਐੱਮ.ਐੱਸ.ਈ.) ਹਨ।

ਕਲੀਅਰਿੰਗ ਕਾਰਪੋਰੇਸ਼ਨਸ: ਕਲੀਅਰਿੰਗ ਕਾਰਪੋਰੇਸ਼ਨਸ ਦਾ ਮੁੱਖ ਕੰਮ ਸਟਾਕ ਐਕਸਚੇਂਜਾਂ ਵਿੱਚ ਹੋਣ ਵਾਲੇ ਕਾਰੋਬਾਰ ਦੀ ਸੈਟਲਮੈਂਟ ਨੂੰ ਯਕੀਨੀ ਬਣਾਉਣਾ ਹੈ। ਹੋਰ ਸ਼ਬਦਾਂ ਵਿੱਚ, ਕਲੀਅਰਿੰਗ ਕਾਰਪੋਰੇਸ਼ਨਸ ਇਹ ਯਕੀਨੀ ਬਣਾਉਂਦੀਆਂ ਹਨ ਕਿ ਹਰ ਖਰੀਦਦਾਰ ਨੂੰ ਉਸ ਦੁਆਰਾ ਖਰੀਦੀਆਂ ਗਈਆਂ ਸਿਕਯੁਰਟੀਜ਼ ਪ੍ਰਾਪਤ ਹੋਣਗੀਆਂ ਅਤੇ ਸਿਕਯੁਰਟੀਜ਼ ਦੇ ਹਰ ਵਿਕਰੇਤਾ ਨੂੰ ਉਸ ਦੁਆਰਾ ਵੇਚੀਆਂ ਗਈਆਂ ਸਿਕਯੁਰਟੀਜ਼ ਲਈ ਭੁਗਤਾਨ ਪ੍ਰਾਪਤ ਹੋਵੇਗਾ।

NSE Clearing

METROPOLITAN CLEAR

Indian Clearing Corporation Limited
ICCL
Reliability builds relationships

ਡਿਪਾਜ਼ਿਟਰੀਜ਼: ਡਿਪਾਜ਼ਿਟਰੀਜ਼ ਉਹ ਸੰਸਥਾਵਾਂ ਹੁੰਦੀਆਂ ਹਨ ਜੋ ਨਿਵੇਸ਼ਕਾਂ ਦੀਆਂ ਸਿਕਯੁਰਟੀਜ਼ ਨੂੰ ਡੀਮੈਟੀਰੀਅਲਾਇਜ਼ ਕੀਤੇ / ਇਲੈਕਟ੍ਰਾਨਿਕ ਸਰੂਪ ਵਿੱਚ ਰੱਖਦੀਆਂ ਹਨ ਅਤੇ ਆਪਣੇ ਡਿਪਾਜ਼ਿਟਰੀ ਪਾਰਟਿਸਿਪੈਂਟਸ (ਡੀ.ਪੀ.) ਰਾਹੀਂ ਨਿਵੇਸ਼ਕਾਂ ਨੂੰ ਡੀਮੈਟ ਸੇਵਾਵਾਂ ਪ੍ਰਦਾਨ ਕਰਦੀਆਂ ਹਨ। ਸਾਡੇ ਦੇਸ਼ ਵਿੱਚ ਦੋ ਡਿਪਾਜ਼ਿਟਰੀਜ਼ ਹਨ ਜਿਨ੍ਹਾਂ ਦੇ ਨਾਂ ਹਨ, ਨੈਸ਼ਨਲ ਸਿਕਯੁਰਟੀਜ਼ ਡਿਪਾਜ਼ਿਟਰੀ ਲਿਮਿਟਿਡ (ਐੱਨ.ਐੱਸ.ਡੀ.ਐੱਲ.) ਅਤੇ ਸੈਂਟ੍ਰਲ ਡਿਪਾਜ਼ਿਟਰੀ ਸਰਵਿਸਿਜ਼ (ਇੰਡੀਆ) ਲਿਮਿਟਿਡ (ਸੀ.ਡੀ.ਐੱਸ.ਐੱਲ.)। ਹਰ ਡਿਪਾਜ਼ਿਟਰੀ ਦੇ ਤਹਿਤ, ਰਜਿਸਟਰਡ ਡਿਪਾਜ਼ਿਟਰੀ ਪਾਰਟਿਸਿਪੈਂਟਸ (ਡੀ.ਪੀ.) (ਜਿਵੇਂ ਬੈਂਕਾਂ ਦੀਆਂ ਸ਼ਾਖਾਵਾਂ) ਹੁੰਦੇ ਹਨ, ਜੋ ਨਿਵੇਸ਼ਕਾਂ ਨੂੰ ਵੱਖੋ-ਵੱਖ ਸੇਵਾਵਾਂ ਪ੍ਰਦਾਨ ਕਰਦੇ ਹਨ ਜਿਵੇਂ ਡੀਮੈਟ ਅਕਾਉਂਟ ਖੋਲ੍ਹਣਾ ਅਤੇ ਉਸਨੂੰ ਕਾਇਮ ਰੱਖਣਾ, ਸ਼ੇਅਰਾਂ ਨੂੰ ਡੀਮੈਟੀਰੀਅਲਾਇਜ਼ ਕਰਨਾ, ਆਦਿ।

ਮਾਰਕਿਟ ਇੰਟਰਮੀਡੀਅਰੀਜ਼ ਪ੍ਰਾਇਮਰੀ ਅਤੇ ਸੈਕੰਡਰੀ ਮਾਰਕਿਟ ਦੇ ਨਿਰਵਿਘਨ ਕੰਮਕਾਜ ਵਿੱਚ ਮਹੱਤਵਪੂਰਣ ਪ੍ਰਤੀਭਾਗੀ ਹਨ। ਇਹ ਮਾਰਕਿਟ ਇੰਟਰਮੀਡੀਅਰੀਜ਼ ਸਿਕਯੁਰਟੀਜ਼ ਖਰੀਦਣ ਜਾਂ ਵੇਚਣ ਦੇ ਆਰਡਰ ਪੂਰੇ ਕਰਨ ਦੀ ਪ੍ਰਕਿਰਿਆ, ਸਿਕਯੁਰਟੀਜ਼ ਵਿੱਚ ਕਾਰੋਬਾਰ ਕਰਨ ਅਤੇ ਸਿਕਯੁਰਟੀਜ਼ ਵਿੱਚ ਕਾਰੋਬਾਰ ਲਈ ਢੁੱਕਵੀਂ ਜਾਣਕਾਰੀ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਦੀਆਂ ਹਨ। ਕੁਝ ਮਹੱਤਵਪੂਰਣ ਇੰਟਰਮੀਡੀਅਰੀਜ਼ ਹਨ ਸਟਾਕ ਬ੍ਰੋਕਰਸ, ਡਿਪਾਜ਼ਿਟਰੀ ਪਾਰਟਿਸਿਪੈਂਟਸ, ਮਰਚੈਂਟ ਬੈਂਕਰਜ਼, ਸ਼ੇਅਰ ਅਤੇ ਟ੍ਰਾਂਸਫਰ ਏਜੰਟਸ, ਰਜਿਸਟ੍ਰਾਰਸ, ਆਦਿ। ਅਜਿਹੀਆਂ ਸਾਰੀਆਂ ਇੰਟਰਮੀਡੀਅਰੀਜ਼ ਸੇਬੀ ਵਿੱਚ ਰਜਿਸਟਰਡ ਹਨ ਅਤੇ ਉਨ੍ਹਾਂ ਲਈ ਨਿਵੇਸ਼ਕਾਂ ਦੀ ਸੁਰੱਖਿਆ ਲਈ ਨਿਰਧਾਰਿਤ ਨਿਯਮਾਂ ਦੀ ਪਾਲਣਾ ਕਰਨੀ ਜ਼ਰੂਰੀ ਹੈ। ਸੇਬੀ ਵੱਲੋਂ ਮਾਨਤਾ ਪ੍ਰਾਪਤ ਮਾਰਕਿਟ ਇੰਟਰਮੀਡੀਅਰੀਜ਼ ਦੀ ਸੂਚੀ ਇਸ ਲਿੰਕ 'ਤੇ ਵੇਖੀ ਜਾ ਸਕਦੀ ਹੈ: https://www.sebi.gov.in.



## ਨਿਵੇਸ਼ ਕਰਨ ਦੇ ਮੁੱਢਲੇ ਸਿਧਾਂਤ

ਇਸ ਤੋਂ ਪਹਿਲਾਂ ਕਿ ਤੁਸੀਂ ਸ਼ੇਅਰ ਮਾਰਕਿਟ ਵਿੱਚ ਨਿਵੇਸ਼ ਕਰਨਾ ਸ਼ੁਰੂ ਕਰੋ, ਤੁਹਾਨੂੰ ਆਪਣੇ ਨਿਵੇਸ਼ ਦੇ ਟੀਚਿਆਂ, ਉਦੇਸ਼ਾਂ ਅਤੇ ਜੋਖਮ ਲੈਣ ਦੀ ਸਮਰੱਥਾ (ਉਹ ਹੱਦ ਜਿਸ ਤੱਕ ਤੁਸੀਂ ਜੋਖਮ ਲੈਣ ਲਈ ਤਿਆਰ ਹੋ) ਨੂੰ ਸਮਝ ਕੇ ਉਨ੍ਹਾਂ ਦੀ ਪਛਾਣ ਕਰਨੀ ਪਵੇਗੀ। ਨਿਵੇਸ਼ ਨਾਲ ਜੁੜੇ ਹਰ ਫੈਸਲੇ ਵਿੱਚ ਤੁਹਾਡੀਆਂ ਜ਼ਰੂਰਤਾਂ ਅਤੇ ਲੋੜਾਂ ਵਿਖਾਈ ਦੇਣੀਆਂ ਚਾਹੀਦੀਆਂ ਹਨ ਅਤੇ ਉਹ ਤੁਹਾਡੀਆਂ ਲੋੜੀਂਦੀਆਂ ਤਰਜੀਹਾਂ ਦੇ ਮੁਤਾਬਕ ਹੋਣਾ ਚਾਹੀਦਾ ਹੈ। ਉਦਾਹਰਨ ਲਈ, ਕੀ ਤੁਸੀਂ ਸਥਿਰ ਰਿਟਰਨ ਦੇਣ ਵਾਲੇ ਸੁਰੱਖਿਅਤ ਉਤਪਾਦਾਂ ਵਿੱਚ ਨਿਵੇਸ਼ ਕਰਨਾ ਚਾਹੁੰਦੇ ਹੋ ਜਾਂ ਤੁਸੀਂ ਥੋੜ੍ਹਾ ਜ਼ਿਆਦਾ ਜੋਖਮ ਲੈ ਕੇ ਅਜਿਹੇ ਉਤਪਾਦਾਂ ਵਿੱਚ ਨਿਵੇਸ਼ ਕਰਨਾ ਚਾਹੁੰਦੇ ਹੋ ਜੋ ਤੁਹਾਨੂੰ ਜ਼ਿਆਦਾ ਰਿਟਰਨ ਦੇ ਸਕਦੇ ਹਨ। ਹਰ ਨਿਵੇਸ਼ ਵਿੱਚ ਉਸ ਨਿਵੇਸ਼ ਦੇ ਅੰਦਰੂਨੀ ਮੁੱਲ ਵਿੱਚ ਬਦਲਾਅ ਦਾ ਜੋਖਮ ਸ਼ਾਮਲ ਹੁੰਦਾ ਹੈ। ਉਦਾਹਰਨ ਲਈ, ਆਟੋਮੋਬਾਈਲ ਉੱਦਯੋਗ ਦੇ ਸ਼ੇਅਰਾਂ ਵਿੱਚ ਨਿਵੇਸ਼ ਵਿੱਚ ਆਟੋਮੋਬਾਈਲ ਉੱਦਯੋਗ ਨਾਲ ਜੁੜਿਆ ਜੋਖਮ ਸ਼ਾਮਲ ਹੋਵੇਗਾ (ਵਿਕਰੀ ਵੱਧ ਜਾਂ ਘੱਟ ਸਕਦੀ ਹੈ ਜਾਂ ਗੱਡੀਆਂ ਦੇ ਕਿਸੇ ਇੱਕ ਬ੍ਰਾਂਡ ਦੀ ਵਿਕਰੀ ਦੂਜੇ ਬ੍ਰਾਂਡ ਦੇ ਮੁਕਾਬਲੇ ਜ਼ਿਆਦਾ ਹੋ ਸਕਦੀ ਹੈ, ਆਦਿ।)



ਇੱਕ ਵਾਰ ਜਦੋਂ ਤੁਸੀਂ ਆਪਣੇ ਟੀਚੇ ਨਿਰਧਾਰਿਤ ਅਤੇ ਆਪਣੀ ਜੋਖਮ ਲੈਣ ਦੀ ਸਮਰੱਥਾ ਦੀ ਪਛਾਣ ਕਰ ਲੈਂਦੇ ਹੋ, ਤਾਂ ਕਿਰਪਾ ਕਰਕੇ ਉਹ ਰਕਮ, ਜੋ ਤੁਸੀਂ ਨਿਵੇਸ਼ ਕਰਨੀ ਚਾਹੁੰਦੇ ਹੋ, ਅਤੇ ਮਿਆਦ ਤੈਅ ਕਰੋ ਜਿਸ ਲਈ ਤੁਸੀਂ ਨਿਵੇਸ਼ ਕਰਨਾ ਚਾਹੁੰਦੇ ਹੋ। ਇੱਕ ਨਿਵੇਸ਼ਕ ਤੋਂ ਦੂਜੇ ਨਿਵੇਸ਼ਕ ਵਿੱਚ ਜੋਖਮ ਲੈਣ ਦੀ ਸਮਰੱਥਾ ਵੱਖਰੀ ਹੁੰਦੀ ਹੈ ਅਤੇ ਉਹ ਨਿਵੇਸ਼ਕ ਦੇ ਟੀਚਿਆਂ ਅਤੇ ਉਸਦੀ ਉਮਰ 'ਤੇ ਨਿਰਭਰ ਕਰ ਸਕਦੀ ਹੈ।



ਨਿਵੇਸ਼ਕਾਂ ਨੂੰ ਉਨ੍ਹਾਂ ਦੇ ਹੱਕਾਂ, ਜ਼ਿੰਮੇਵਾਰੀਆਂ, ਨਿਵੇਸ਼ ਲਈ ਕਰਨ ਯੋਗ ਅਤੇ ਨਾ ਕਰਨ ਯੋਗ ਕੰਮਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਵੀ ਦਿੱਤੀ ਜਾਣੀ ਚਾਹੀਦੀ ਹੈ ਅਤੇ ਇਹ ਦਸਤਾਵੇਜ਼ ਸੇਬੀ ਅਤੇ ਸਟਾਕ ਐਕਸਚੇਂਜਾਂ ਅਤੇ ਡਿਪਾਜ਼ਿਟਰੀਜ਼ ਦੀ(ਆਂ) ਵੈੱਬਸਾਈਟ(ਵੈੱਬਸਾਈਟਾਂ) 'ਤੇ ਉਪਲਬਧ ਹਨ। ਸ਼ੇਅਰ ਮਾਰਕਿਟ ਵਿੱਚ ਨਿਵੇਸ਼ ਲਈ ਕਰਨ ਯੋਗ ਅਤੇ ਨਾ ਕਰਨ ਯੋਗ ਕੰਮ ਇਸ ਪੁਸਤਕ ਦੇ ਅਨੁਲੱਗ-I ਵਿੱਚ ਵੀ ਨੱਥੀ ਕੀਤੇ ਗਏ ਹਨ। ਇਸਤੋਂ ਇਲਾਵਾ, ਨਿਵੇਸ਼ਕਾਂ ਦੇ ਹੱਕ ਅਤੇ ਜ਼ਿੰਮੇਵਾਰੀਆਂ ਇਸ ਪੁਸਤਕ ਦੇ ਅਨੁਲੱਗ-II ਵਿੱਚ ਵੀ ਨੱਥੀ ਕੀਤੀਆਂ ਗਈਆਂ ਹਨ।




ਨਿਵੇਸ਼ਕਾਂ ਨੂੰ ਕਿਸੇ ਕੰਪਨੀ ਦੇ ਸ਼ੇਅਰਾਂ ਵਿੱਚ ਨਿਵੇਸ਼ ਕਰਨ ਤੋਂ ਪਹਿਲਾਂ ਸੂਚਿਤ ਫੈਸਲਾ ਲੈਣਾ ਚਾਹੀਦਾ ਹੈ। ਉਨ੍ਹਾਂ ਨੂੰ ਕੰਪਨੀ ਨਾਲ ਜੁੜੀ ਸਾਰੀ ਜਾਣਕਾਰੀ ਧਿਆਨ ਨਾਲ ਪੜ੍ਹਨੀ ਚਾਹੀਦੀ ਹੈ ਜਿਵੇਂ ਕੰਪਨੀ ਨਾਲ ਸੰਬੰਧਿਤ ਖੁਲਾਸੇ, ਇਸ ਦੇ ਪ੍ਰਮੋਟਰ, ਪ੍ਰੋਜੈਕਟ ਦਾ ਬਿਓਰਾ, ਵਿੱਤੀ ਬਿਓਰਾ, ਆਦਿ। ਇਹ ਬਿਓਰਾ ਸਟਾਕ ਐਕਸਚੇਂਜਾਂ ਦੀਆਂ ਵੈੱਬਸਾਈਟਾਂ 'ਤੇ ਵੇਖਿਆ ਜਾ ਸਕਦਾ ਹੈ।



ਸ਼ੇਅਰ ਮਾਰਕਿਟ ਵਿੱਚ ਨਿਵੇਸ਼ ਕਰਨ ਲਈ, ਨਿਵੇਸ਼ਕ ਸੇਬੀ ਵਿੱਚ ਰਜਿਸਟਰਡ ਕਿਸੇ ਵੀ ਨਿਵੇਸ਼ ਸਲਾਹਕਾਰ ਨਾਲ ਸੰਪਰਕ ਕਰ ਸਕਦੇ ਹਨ। ਸੇਬੀ ਵਿੱਚ ਰਜਿਸਟਰਡ ਨਿਵੇਸ਼ ਸਲਾਹਕਾਰਾਂ ਦੀ ਸੂਚੀ ਇਸ ਲਿੰਕ 'ਤੇ ਵੇਖੀ ਜਾ ਸਕਦੀ ਹੈ: https://www.sebi.gov.in.

ਹਾਲਾਂਕਿ, ਨਿਵੇਸ਼ਕਾਂ ਨੂੰ ਅਪੰਜੀਕ੍ਰਿਤ ਨਿਵੇਸ਼ ਸਲਾਹਕਾਰਾਂ ਤੋਂ ਨਿਵੇਸ਼ ਨਾਲ ਜੁੜੀ ਬੇਲੋੜੀਂਦੀ ਸਲਾਹ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ। ਬਿਓਰੇ ਲਈ, ਤੁਸੀਂ ਇਸ ਪੁਸਤਕ ਦਾ ਅਨੁਲੱਗ-III ਵੇਖ ਸਕਦੇ ਹੋ।

# ੫

## ਸ਼ੇਅਰ ਮਾਰਕਿਟ ਵਿੱਚ ਨਿਵੇਸ਼ ਕਰਨ ਵਿੱਚ ਮੁੱਖ ਜੋਖਮ

**ਮਾਰਕਿਟ ਦਾ ਜੋਖਮ ਜਾਂ ਪ੍ਰਣਾਲੀਗਤ ਜੋਖਮ:** ਇਹ ਸਿਕਯੁਰਟੀਜ਼ ਦੇ ਸਮੁੱਚੇ ਪਰਦਰਸ਼ਨ ਅਤੇ ਦੇਸ਼ ਦੀ ਸਧਾਰਨ ਅਰਥ ਵਿਵਸਥਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਕਰਕੇ ਨਿਵੇਸ਼ ਨੂੰ ਪੇਸ਼ ਆਉਣ ਵਾਲੇ ਜੋਖਮ ਨੂੰ ਦਰਸਾਉਂਦਾ ਹੈ।

**ਗੈਰ-ਪ੍ਰਣਾਲੀਗਤ ਜੋਖਮ:** ਗੈਰ-ਪ੍ਰਣਾਲੀਗਤ ਜੋਖਮ ਦਾ ਵਰਣਨ ਕਿਸੇ ਖ਼ਾਸ ਕੰਪਨੀ ਜਾਂ ਉੱਦਯੋਗ ਨਾਲ ਜੁੜੇ ਜੋਖਮ ਦੇ ਤੌਰ 'ਤੇ ਕੀਤਾ ਜਾ ਸਕਦਾ ਹੈ।

**ਮਹਿੰਗਾਈ ਦਾ ਜੋਖਮ:** ਮਹਿੰਗਾਈ ਦੇ ਜੋਖਮ ਨੂੰ ਖਰੀਦਣ ਦੀ ਸਮਰੱਥਾ ਦਾ ਜੋਖਮ ਵੀ ਕਿਹਾ ਜਾਂਦਾ ਹੈ। ਇਹ ਇਸ ਸੰਭਾਵਨਾ ਦੇ ਤੌਰ 'ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ ਕਿ ਨਿਵੇਸ਼ ਤੋਂ ਕੈਸ਼ ਫਲੋ ਮਹਿੰਗਾਈ ਕਰਕੇ ਆਪਣੀ ਖਰੀਦਣ ਦੀ ਸਮਰੱਥਾ ਘੱਟਣ ਦੀ ਵਜ੍ਹਾ ਨਾਲ ਭਵਿੱਖ ਵਿੱਚ ਆਪਣਾ ਮੁੱਲ ਗੁਆ ਦੇਵੇਗਾ।

**ਨਕਦੀ ਦਾ ਜੋਖਮ:** ਨਕਦੀ ਦਾ ਜੋਖਮ ਓਦੋਂ ਪੇਸ਼ ਆਉਂਦਾ ਹੈ ਜਦੋਂ ਕੋਈ ਨਿਵੇਸ਼ ਛੇਤੀ ਖਰੀਦਿਆ ਜਾਂ ਵੇਚਿਆ ਨਾ ਜਾ ਸਕੇ।

**ਕਾਰੋਬਾਰ ਦਾ ਜੋਖਮ:** ਇਹ ਇਸ ਜੋਖਮ ਨੂੰ ਦਰਸਾਉਂਦਾ ਹੈ ਕਿ ਕਿਸੇ ਵੀ ਨਕਾਰਾਤਮਕ ਕਾਰਜਸ਼ੀਲ, ਮਾਰਕਿਟ ਜਾਂ ਵਿੱਤੀ ਸਥਿਤੀ ਵਜੋਂ ਕਿਸੇ ਕੰਪਨੀ ਦਾ ਕਾਰੋਬਾਰ ਪ੍ਰਭਾਵਿਤ ਹੋ ਸਕਦਾ ਹੈ ਜਾਂ ਉਹ ਆਪਣੇ ਓਪਰੇਸ਼ਨਸ ਨੂੰ ਰੋਕ ਸਕਦੀ ਹੈ।

**ਅਸਥਿਰਤਾ ਦਾ ਜੋਖਮ:** ਅਸਥਿਰਤਾ ਦਾ ਜੋਖਮ ਓਦੋਂ ਪੇਸ਼ ਆਉਂਦਾ ਹੈ ਜਦੋਂ ਕੰਪਨੀਆਂ ਦੇ ਸ਼ੇਅਰਾਂ ਦੀਆਂ ਕੀਮਤਾਂ ਸਮੇਂ ਦੇ ਨਾਲ ਘੱਟ ਜਾਂ ਵੱਧ ਸਕਦੀਆਂ ਹਨ।

**ਕਰੰਸੀ ਦਾ ਜੋਖਮ:** ਇਹ ਕਿਸੇ ਨਿਵੇਸ਼ਕ ਨੂੰ ਘੱਟਦੇ-ਵੱਧਦੇ ਵਿਦੇਸ਼ੀ ਐਕਸਚੇਂਜ ਰੇਟਾਂ ਦੇ ਕਾਰਨ ਓਦੋਂ ਪੇਸ਼ ਆਉਣ ਵਾਲੇ ਘਾਟੇ ਦੇ ਸੰਭਾਵੀ ਜੋਖਮ ਨੂੰ ਦਰਸਾਉਂਦਾ ਹੈ ਜਦੋਂ ਉਸਨੇ ਕਿਸੇ ਵਿਦੇਸ਼ੀ ਮੁਦਰਾ ਵਿੱਚ ਨਿਵੇਸ਼ ਕੀਤਾ ਹੋਵੇ ਜਾਂ ਵਿਦੇਸ਼ੀ ਮੁਦਰਾ ਵਿੱਚ ਟ੍ਰੇਡ ਹੋਣ ਵਾਲੇ ਨਿਵੇਸ਼ ਕੀਤੇ ਹੋਣ।

# ੬

## ਜੋਖਮ ਨੂੰ ਕਿਵੇਂ ਘਟਾਇਆ ਜਾਵੇ?

ਨਿਵੇਸ਼ਕ ਵੱਖੋ-ਵੱਖ ਤਰੀਕਿਆਂ ਨਾਲ ਜੋਖਮ ਨੂੰ ਘਟਾਉਣ ਦੀ ਕੋਸ਼ਿਸ਼ ਕਰ ਸਕਦੇ ਹਨ। ਐਸੇਟ ਐਲੋਕੇਸ਼ਨ ਇੱਕ ਰਣਨੀਤੀ ਹੈ ਜਿਸ ਰਾਹੀਂ ਇੱਕ ਨਿਵੇਸ਼ਕ ਆਪਣੇ ਨਿਵੇਸ਼ ਨੂੰ ਵੱਖੋ-ਵੱਖ ਕੰਪਨੀਆਂ ਅਤੇ ਐਸੇਟ ਕਲਾਸਾਂ ਵਿੱਚ ਵੰਡ ਕੇ ਜੋਖਮ ਨੂੰ ਘਟਾ ਸਕਦਾ ਹੈ।

# ਅਕਾਉਂਟ ਖੋਲ੍ਹਣ ਦੀ ਪ੍ਰਕਿਰਿਆ

# ੭

## ਸ਼ੇਅਰ ਮਾਰਕਿਟ ਵਿੱਚ ਨਿਵੇਸ਼ ਕਰਨ ਲਈ ਪੂਰਬਲੀਆਂ ਸ਼ਰਤਾਂ

**ਇਕਵਿਟੀ ਸ਼ੇਅਰਾਂ ਵਿੱਚ ਨਿਵੇਸ਼ ਕਰਨ ਲਈ, ਇੱਕ ਨਿਵੇਸ਼ਕ ਨੂੰ ਤਿੰਨ ਅਕਾਉਂਟ ਖੋਲ੍ਹਣੇ ਪੈਣਗੇ ਯਾਨੀ:**

**ਬੈਂਕ ਅਕਾਉਂਟ** | **ਟ੍ਰੇਡਿੰਗ ਅਕਾਉਂਟ** | **ਡੀਮੈਟ ਅਕਾਉਂਟ**

ਬੈਂਕ ਅਕਾਉਂਟ।

ਟ੍ਰੇਡਿੰਗ ਅਕਾਉਂਟ ਜਾਂ ਬ੍ਰੋਕਿੰਗ ਅਕਾਉਂਟ ਜੋ ਕਿਸੇ ਮਾਨਤਾ ਪ੍ਰਾਪਤ ਸਟਾਕ ਐਕਸਚੇਂਜ ਦੇ ਸੇਬੀ ਵਿੱਚ ਰਜਿਸਟਰਡ ਸਟਾਕ ਬ੍ਰੋਕਰ ਕੋਲ ਹੁੰਦਾ ਹੈ। ਸਟਾਕ ਐਕਸਚੇਂਜਾਂ ਵਿੱਚ ਸ਼ੇਅਰ ਵੇਚਣ ਜਾਂ ਖਰੀਦਣ ਲਈ ਇਹ ਅਕਾਉਂਟ ਵਰਤਿਆ ਜਾਂਦਾ ਹੈ। ਟ੍ਰੇਡਿੰਗ ਅਕਾਉਂਟ ਖੋਲ੍ਹਣ ਲਈ, ਤੁਹਾਨੂੰ ਖਾਤਾ ਖੋਲ੍ਹਣ ਦਾ ਫ਼ਾਰਮ ਭਰਨਾ ਪਵੇਗਾ ਅਤੇ ਦਸਤਖ਼ਤ ਕੀਤੇ ਨੋ ਯੋਰ ਕਲਾਇੰਟ (ਕੇ.ਵਾਈ.ਸੀ.) ਦਸਤਾਵੇਜ਼ਾਂ ਨਾਲ ਸਬਮਿਟ ਕਰਨਾ ਪਵੇਗਾ।

**ਖਾਤਾ ਖੋਲ੍ਹਣ ਦਾ ਫ਼ਾਰਮ ਭਰਨ ਵੇਲੇ ਇਹ ਸਾਵਧਾਨੀਆਂ ਵਰਤੋ:**

- ਤੁਹਾਨੂੰ ਵੱਖੋ-ਵੱਖ ਐਕਸਚੇਂਜਾਂ ਵਿੱਚ ਟ੍ਰੇਡ ਕਰਨ ਲਈ ਤਰਜੀਹਾਂ ਦਰਸਾਉਂਦੇ ਹੋਏ ਆਪਣੇ ਦਸਤਖ਼ਤ ਕਰਨੇ ਚਾਹੀਦੇ ਹਨ।
- ਤੁਹਾਨੂੰ ਆਪਣੇ ਅਕਾਉਂਟਸ 'ਤੇ ਲਾਗੂ ਹੋਣ ਵਾਲੇ ਸਾਰੇ ਸ਼ੁਲਕ/ ਫ਼ੀਸ/ ਬ੍ਰੋਕਰੇਜ ਧਿਆਨ ਨਾਲ ਨੋਟ ਕਰਨੇ ਚਾਹੀਦੇ ਹਨ ਅਤੇ ਉਨ੍ਹਾਂ ਦਾ ਰਿਕਾਰਡ ਰੱਖਣਾ ਚਾਹੀਦਾ ਹੈ।
- ਉਨ੍ਹਾਂ ਸੇਗਮੈਂਟਸ ਦੀ ਪਛਾਣ ਕਰੋ ਜਿਨ੍ਹਾਂ ਵਿੱਚ ਤੁਸੀਂ ਟ੍ਰੇਡ ਕਰਨਾ ਚਾਹੁੰਦੇ ਹੋ (ਕੈਸ਼, ਐੱਫ਼. ਐਂਡ ਓ., ਕਰੰਸੀ ਡੈਰੀਵੇਟਿਵ ਜਾਂ ਕੋਈ ਹੋਰ ਸੇਗਮੈਂਟ)। ਡੈਰੀਵੇਟਿਵਜ਼ ਵਿੱਚ ਟ੍ਰੇਡਿੰਗ ਲਈ ਡੈਰੀਵੇਟਿਵ ਉਤਪਾਦਾਂ ਦੀ ਸਮਝ ਦੀ ਲੋੜ ਹੈ।
- ਜੇਕਰ ਤੁਸੀਂ ਵਾਧੂ ਸਹੂਲਤਾਂ ਲੈਣੀਆਂ ਚਾਹੁੰਦੇ ਹੋ ਜਿਵੇਂ ਰਨਿੰਗ ਅਕਾਉਂਟ ਸੁਵਿਧਾ, ਪਾਵਰ ਆਫ਼ ਅਟਾਰਨੀ ਤਿਆਰ ਕਰਨਾ, ਆਦਿ, ਤਾਂ ਤੁਹਾਨੂੰ ਭਵਿੱਖ ਵਿੱਚ ਕਿਸੇ ਵੀ ਵਿਵਾਦ ਤੋਂ ਬਚਣ ਲਈ ਸਟਾਕ ਬ੍ਰੋਕਰ ਨੂੰ ਖ਼ਾਸ ਅਧਿਕਾਰ ਦੇਣੇ ਪੈਣਗੇ।
- ਤੁਹਾਨੂੰ ਖਾਤਾ ਖੋਲ੍ਹਣ ਦੇ ਫ਼ਾਰਮ ਵਿੱਚ ਆਪਣਾ ਈਮੇਲ ਪਤਾ ਅਤੇ ਮੋਬਾਈਲ ਨੰਬਰ ਲਿਖਣਾ ਚਾਹੀਦਾ ਹੈ। ਬ੍ਰੋਕਰ ਅਤੇ ਸਟਾਕ ਐਕਸਚੇਂਜਾਂ ਉਨ੍ਹਾਂ ਟ੍ਰੇਡਿੰਗ ਅਪਡੇਟਸ ਬਾਰੇ ਤੁਹਾਨੂੰ ਸੂਚਿਤ ਕਰਨ ਲਈ ਇਸ ਸੰਪਰਕ ਬਿਓਰੇ ਦੀ ਵਰਤੋਂ ਕਰਦੇ ਹਨ ਜਿਨ੍ਹਾਂ ਨੂੰ ਜਾਣਨਾ ਤੁਹਾਡੇ ਲਈ ਜ਼ਰੂਰੀ ਹੈ।
- ਤੁਹਾਨੂੰ ਆਪਣੇ ਰਿਕਾਰਡ ਲਈ ਹਮੇਸ਼ਾ ਖਾਤਾ ਖੋਲ੍ਹਣ ਦਾ ਫ਼ਾਰਮ ਮੰਗਣਾ ਚਾਹੀਦਾ ਹੈ ਅਤੇ ਉਸਦੀ ਨਕਲ ਰੱਖਣੀ ਚਾਹੀਦੀ ਹੈ।

## ਅਕਾਉਂਟ ਖੋਲ੍ਹਣ ਦੀ ਪ੍ਰਕਿਰਿਆ: ਨੋ ਯੋਰ ਕਲਾਇੰਟ (ਕੇ.ਵਾਈ.ਸੀ.) ਪ੍ਰਕਿਰਿਆ

ਡੀਮੈਟ/ ਟ੍ਰੇਡਿੰਗ/ ਬੈਂਕ ਅਕਾਉਂਟ ਖੋਲ੍ਹਦੇ ਹੋਏ, ਤੁਹਾਨੂੰ ਨੋ ਯੋਰ ਕਲਾਇੰਟ (ਕੇ.ਵਾਈ.ਸੀ.) ਦਸਤਾਵੇਜ਼ ਸਬਮਿਟ ਕਰਨੇ ਪੈਣਗੇ। ਆਓ ਇਹ ਸਮਝੀਏ ਕਿ ਕੇ.ਵਾਈ.ਸੀ. ਦਾ ਕੀ ਮਤਲਬ ਹੈ ਅਤੇ ਇਹ ਲਾਜ਼ਮੀ ਕਿਉਂ ਹੈ?

ਪ੍ਰਿਵੈਂਸ਼ਨ ਆਫ਼ ਮਨੀ ਲਾਂਡਰਿੰਗ ਐਕਟ, ੨੦੦੨ ਅਤੇ ਉਸਦੇ ਤਹਿਤ ਨਿਰਧਾਰਿਤ ਕੀਤੇ ਗਏ ਨਿਯਮਾਂ ਹੇਠ ਕੇ.ਵਾਈ.ਸੀ. ਲਾਜ਼ਮੀ ਹੈ। ਡੀਮੈਟ/ ਟ੍ਰੇਡਿੰਗ/ ਬੈਂਕ ਅਕਾਉਂਟ ਖੋਲ੍ਹਦੇ ਹੋਏ, ਕਲਾਇੰਟ ਨੂੰ ਪਛਾਣ ਦੇ ਪ੍ਰਮਾਣ ਅਤੇ ਪਤੇ ਦੇ ਪ੍ਰਮਾਣ ਦੇ ਤੌਰ 'ਤੇ ਅਧਿਕਾਰਤ ਤੌਰ 'ਤੇ ਵੈਧ ਦਸਤਾਵੇਜ਼ (ਓ.ਵੀ.ਡੀ.) ਸਬਮਿਟ ਕਰਨੇ ਪੈਣਗੇ ਅਤੇ ਇਹ ਦਸਤਾਵੇਜ਼ ਕੇ.ਵਾਈ.ਸੀ. ਸ਼ਰਤਾਂ ਦਾ ਇੱਕ ਹਿੱਸਾ ਹਨ। ਇੱਕ ਨਿਵੇਸ਼ਕ ਸੰਬੰਧਿਤ ਸਹਾਇਕ ਨਿਰਧਾਰਿਤ ਦਸਤਾਵੇਜ਼ਾਂ ਰਾਹੀਂ ਆਪਣੀ ਪਛਾਣ ਅਤੇ ਪਤਾ ਸਥਾਪਿਤ ਕਰ ਸਕਦਾ ਹੈ ਜਿਵੇਂ ਪੈਨ ਕਾਰਡ / ਯੂ.ਆਈ.ਡੀ.ਏ.ਆਈ.-ਆਧਾਰ/ ਪਾਸਪੋਰਟ/ ਵੋਟਰ ਆਈ.ਡੀ. ਕਾਰਡ/ ਡ੍ਰਾਈਵਿੰਗ ਲਸੰਸ, ਆਦਿ। ਕੇ.ਵਾਈ.ਸੀ. ਫ਼ਾਰਮ ਸਬਮਿਟ ਕਰਨ ਤੋਂ ਬਾਅਦ, ਇੱਕ ਯੂਨੀਕ ਕੇ.ਵਾਈ.ਸੀ. ਪਛਾਣ ਨੰਬਰ (ਕੇ.ਆਈ.ਐੱਨ.) ਜਨਰੇਟ ਹੁੰਦਾ ਹੈ ਅਤੇ ਐੱਸ.ਐੱਮ.ਐੱਸ/ ਈਮੇਲ ਦੁਆਰਾ ਕਲਾਇੰਟ ਨੂੰ ਸੂਚਿਤ ਕੀਤਾ ਜਾਂਦਾ ਹੈ। ਕੇ.ਵਾਈ.ਸੀ. ਇੱਕ ਵਾਰੀ ਕੀਤੀ ਜਾਣ ਵਾਲੀ ਪ੍ਰਕਿਰਿਆ ਹੈ ਅਤੇ ਸਾਰੀਆਂ ਇੰਟਰਮੀਡੀਅਰੀਜ਼ ਵਿੱਚ ਵੈਧ ਹੈ। ਸ਼ੇਅਰ ਮਾਰਕਿਟ ਵਿੱਚ ਕਿਸੇ ਹੋਰ ਇੰਟਰਮੀਡੀਅਰੀ ਨਾਲ ਅਕਾਉਂਟ ਖੋਲ੍ਹਦੇ ਸਮੇਂ ਤੁਹਾਨੂੰ ਉਹੀ ਪ੍ਰਕਿਰਿਆ ਮੁੜ ਕਰਨ ਦੀ ਲੋੜ ਨਹੀਂ ਹੈ।




**ਈ.-ਕੇ.ਵਾਈ.ਸੀ.**

ਯੂ.ਆਈ.ਡੀ.ਏ.ਆਈ.-ਆਧਾਰ/ ਡਿਜੀ ਲਾਕਰ ਦੀ ਵਰਤੋਂ ਰਾਹੀਂ ਨਿਵੇਸ਼ਕ ਈ.-ਕੇ.ਵਾਈ.ਸੀ. ਸਹੂਲਤ ਇਸਤੇਮਾਲ ਕਰ ਕੇ ਕੇ.ਵਾਈ.ਸੀ. ਪ੍ਰਕਿਰਿਆ ਪੂਰੀ ਕਰ ਸਕਦੇ ਹਨ।

ਸਟਾਕ ਬ੍ਰੋਕਰ ਦੀ ਵੈੱਬਸਾਈਟ 'ਤੇ ਖਾਤਾ ਖੋਲ੍ਹਣ ਦਾ ਬਿਓਰਾ/ ਫ਼ਾਰਮ ਆਨਲਾਈਨ ਭਰੇ।

ਲਾਜ਼ਮੀ ਦਸਤਾਵੇਜ਼ਾਂ/ਪੀ.ਓ.ਏ. (ਪਤੇ ਦਾ ਪ੍ਰਮਾਣ) / ਪੀ.ਓ.ਆਈ. (ਪਛਾਣ ਦਾ ਪ੍ਰਮਾਣ) ਦੀਆਂ ਸਕੈਨ ਕੀਤੀਆਂ ਗਈਆਂ ਤਸਵੀਰਾਂ ਸਬਮਿਟ ਕਰੇ।

ਵੀਡੀਓ ਕਾਲ 'ਤੇ ਆਈ.ਪੀ.ਵੀ. (ਇਨ-ਪਰਸਨ ਵੇਰੀਫ਼ਿਕੇਸ਼ਨ) ਪ੍ਰਕਿਰਿਆ ਪੂਰੀ ਕਰੋ।

ਡਿਜੀਟਲ ਤਰੀਕੇ ਨਾਲ ਦਸਤਾਵੇਜ਼ 'ਤੇ ਦਸਤਖ਼ਤ ਕਰੇ।

ਅਕਾਉਂਟ ਕਿਰਿਆਸ਼ੀਲ ਹੋ ਜਾਵੇਗਾ।

ਸੁਝਾਅ

- ਇਹ ਯਕੀਨੀ ਬਣਾਓ ਕਿ ਦਸਤਖ਼ਤ ਕਰਨ ਤੋਂ ਪਹਿਲਾਂ ਤੁਸੀਂ ਸਾਰੇ ਦਸਤਾਵੇਜ਼ਾਂ ਨੂੰ ਪੜ੍ਹ ਕੇ ਸਮਝ ਚੁੱਕੇ ਹੋ।
- ਕਿਸੇ ਵੀ ਖਾਲੀ ਦਸਤਾਵੇਜ਼ 'ਤੇ ਦਸਤਖ਼ਤ ਨਾ ਕਰੋ।
- ਹਮੇਸ਼ਾ ਖਾਤਾ ਖੋਲ੍ਹਣ ਵਾਲੀ ਕਿਟ ਦੇ ਅਨੁਲੱਗ ਵਿੱਚ ਦੱਸੇ ਗਏ ਕਰਨ ਯੋਗ ਅਤੇ ਨਾ ਕਰਨ ਯੋਗ ਕੰਮਾਂ ਨੂੰ ਵੇਖੋ।
- ਐੱਸ.ਐੱਮ.ਐੱਸ ਅਤੇ ਈਮੇਲ ਰਾਹੀਂ ਆਪਣੇ ਅਕਾਉਂਟ ਵਿੱਚ ਲੈਣ-ਦੇਣ ਦੇ ਸੰਬੰਧ ਵਿੱਚ ਅਲਰਟਸ ਪ੍ਰਾਪਤ ਕਰਨ ਲਈ ਬੈਂਕ, ਡਿਪਾਜ਼ਿਟਰੀ ਪਾਰਟਿਸਿਪੈਂਟ ਅਤੇ ਸਟਾਕ ਬ੍ਰੋਕਰ ਕੋਲ ਆਪਣਾ ਮੋਬਾਈਲ ਨੰਬਰ ਅਤੇ ਈਮੇਲ ਪਤਾ ਰਜਿਸਟਰ ਕਰਨਾ ਯਕੀਨੀ ਕਰੋ।

# ੯

## ਬੇਸਿਕ ਸਰਵਿਸਿਜ਼ ਡੀਮੈਟ ਅਕਾਉਂਟ (ਬੀ.ਐੱਸ.ਡੀ.ਏ.)

**ਬੇਸਿਕ ਸਰਵਿਸਿਜ਼ ਡੀਮੈਟ ਅਕਾਉਂਟ (ਬੀ.ਐੱਸ.ਡੀ.ਏ.):**

ਬੇਸਿਕ ਸਰਵਿਸਿਜ਼ ਡੀਮੈਟ ਅਕਾਉਂਟ ਉਨ੍ਹਾਂ ਲੋਕਾਂ ਨੂੰ ਪ੍ਰਦਾਨ ਕੀਤੀ ਜਾਣ ਵਾਲੀ ਡੀਮੈਟ ਅਕਾਉਂਟ ਸਹੂਲਤ ਹੈ ਜਿਨ੍ਹਾਂ ਕੋਲ ਸਿਰਫ਼ ਇੱਕ ਡੀਮੈਟ ਅਕਾਉਂਟ (ਸਾਰੀਆਂ ਡਿਪਾਜ਼ਿਟਰੀਜ਼ ਵਿੱਚ) ਹੈ ਅਤੇ ਕਿਸੇ ਵੀ ਸਮੇਂ ਗੈਰ-ਡੈਟ ਸਿਕਯੁਰਟੀਜ਼ (ਜਿਵੇਂ ਇਕਵਿਟੀਜ਼) ਅਤੇ ਡੈਟ ਸਿਕਯੁਰਟੀਜ਼ ਲਈ ਹਰ ਇੱਕ ਵਿੱਚ ਹੋਲਡਿੰਗਸ ਦਾ ਮੁੱਲ ਰੁ. ੨ ਲੱਖ ਤੋਂ ਜ਼ਿਆਦਾ ਨਹੀਂ ਹੈ।

**ਬੀ.ਐੱਸ.ਡੀ.ਏ. ਲਈ ਸਾਲਾਨਾ ਰੱਖਰਖਾਵ ਦਾ ਸ਼ੁਲਕ (ਏ.ਐੱਮ.ਸੀ.) ਦੀ ਸੰਰਚਨਾ ਹੇਠਾਂ ਦਿੱਤੀ ਗਈ ਹੈ:**

| ਸਿਕਯੁਰਟੀ ਦਾ ਪ੍ਰਕਾਰ | ਹੋਲਡਿੰਗਸ ਦਾ ਸਲੈਬ ਮੁੱਲ | ਸ਼ੁਲਕ |
|---|---|---|
| ਗੈਰ-ਡੈਟ ਸਿਕਯੁਰਟੀਜ਼ ਲਈ | ਰੁ. ੫੦,੦੦੦/- ਤੱਕ | ਕੋਈ ਏ.ਐੱਮ.ਸੀ. ਨਹੀਂ |
| | ਰੁ. ੫੦,੦੦੧ ਤੋਂ ਰੁ. ੨,੦੦,੦੦੦/- ਤੱਕ | ਰੁ. ੧੦੦/- ਤੱਕ |
| ਡੈਟ ਸਿਕਯੁਰਟੀਜ਼ ਲਈ | ਰੁ. ੨,੦੦,੦੦੦/- ਤੱਕ | ਕੋਈ ਏ.ਐੱਮ.ਸੀ. ਨਹੀਂ |
| | ਰੁ. ੧,੦੦,੦੦੧ ਤੋਂ ਰੁ. ੨,੦੦,੦੦੦/- ਤੱਕ | ਰੁ. ੧੦੦/- ਤੱਕ |

ਕਿਰਪਾ ਕਰਕੇ ਇਸ ਸੰਬੰਧ ਵਿੱਚ ਨਵੀਨਤਮ ਨਿਯਮਾਂ ਲਈ ਸੇਬੀ ਜਾਂ ਸੰਬੰਧਿਤ ਡਿਪਾਜ਼ਿਟਰੀ ਦੀ ਵੈੱਬਸਾਈਟ ਵੇਖੋ।

ਉੱਪਰ ਦੱਸੇ ਗਏ ਤਿੰਨ ਅਕਾਉਂਟਸ (ਯਾਨੀ, ਇੱਕ ਬੈਂਕ ਅਕਾਉਂਟ, ਇੱਕ ਡੀਮੈਟ ਅਕਾਉਂਟ, ਅਤੇ ਇੱਕ ਟ੍ਰੇਡਿੰਗ ਅਕਾਉਂਟ) ਦੇ ਮੇਲ ਨੂੰ ਅਕਸਰ "੩-ਇਨ-੧" ਅਕਾਉਂਟ ਕਿਹਾ ਜਾਂਦਾ ਹੈ। ਨਿਵੇਸ਼ਕ ਵੱਖਰੇ ਡਿਪਾਜ਼ਿਟਰੀ ਪਾਰਟਿਸਿਪੈਂਟ/ ਬ੍ਰੋਕਰ/ ਸੰਸਥਾ ਕੋਲ ਵੱਖਰੇ ਤੌਰ 'ਤੇ ਉੱਪਰ ਦੱਸੇ ਗਏ ਤਿੰਨ ਅਕਾਉਂਟਸ ਵਿੱਚੋਂ ਕੋਈ ਵੀ ਖੋਲ੍ਹ ਸਕਦੇ ਹਨ ਜਾਂ ਉਹ ਕਿਸੇ ਇੱਕ ਡਿਪਾਜ਼ਿਟਰੀ ਪਾਰਟਿਸਿਪੈਂਟ/ ਬ੍ਰੋਕਰ/ ਸੰਸਥਾ ਨਾਲ ਸੰਪਰਕ ਕਰ ਸਕਦੇ ਹਨ ਜੋ ਤਿੰਨੋਂ ਅਕਾਉਂਟਸ ਇਕੱਠੇ ਖੋਲ੍ਹਣ ਦੀ ਸਹੂਲਤ ਪ੍ਰਦਾਨ ਕਰਦਾ ਹੈ।

ਸੇਬੀ ਵਿੱਚ ਰਜਿਸਟਰਡ ਸਟਾਕ ਬ੍ਰੋਕਰਸ ਅਤੇ ਡਿਪਾਜ਼ਿਟਰੀ ਪਾਰਟਿਸਿਪੈਂਟਸ ਦੀ ਸੂਚੀ ਸੇਬੀ ਦੀ ਅਧਿਕਾਰਤ ਵੈੱਬਸਾਈਟ (www.sebi.gov.in) ਜਾਂ ਸੰਬੰਧਿਤ ਸਟਾਕ ਐਕਸਚੇਂਜਾਂ ਜਾਂ ਡਿਪਾਜ਼ਿਟਰੀਜ਼ ਦੀਆਂ ਵੈੱਬਸਾਈਟਾਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ੧੦

## ਪਾਵਰ ਆਫ਼ ਅਟਾਰਨੀ (ਮੁਖਤਿਆਰਨਾਮਾ)




ਪਾਵਰ ਆਫ਼ ਅਟਾਰਨੀ ਬੇਹੱਦ ਮਹੱਤਵਪੂਰਣ ਦਸਤਾਵੇਜ਼ ਹੁੰਦਾ ਹੈ ਕਿਉਂਕਿ ਇਹ ਕਿਸੇ ਹੋਰ ਵਿਅਕਤੀ ਨੂੰ ਤੁਹਾਡੇ ਅਕਾਉਂਟਸ ਅਤੇ ਰਕਮ 'ਤੇ ਤੁਹਾਡੇ ਅਧਿਕਾਰ ਅਤੇ ਪਹੁੰਚ ਪ੍ਰਦਾਨ ਕਰ ਸਕਦਾ ਹੈ। ਸ਼ੇਅਰ ਮਾਰਕਿਟ ਵਿੱਚ, ਇੱਕ ਕਲਾਇੰਟ ਸਟਾਕ ਬ੍ਰੋਕਰ ਅਤੇ/ਜਾਂ ਡਿਪਾਜ਼ਿਟਰੀ ਪਾਰਟਿਸਿਪੈਂਟ ਨੂੰ ਸ਼ੇਅਰਾਂ ਦੀ ਡਿਲਿਵਰੀ ਕਰਨ ਅਤੇ ਰਕਮਾਂ ਦੇ ਪੇ-ਇਨ/ ਪੇ-ਆਉਟ ਲਈ ਆਪਣੇ ਡੀਮੈਟ ਅਤੇ ਬੈਂਕ ਅਕਾਉਂਟ ਨੂੰ ਓਪਰੇਟ ਕਰਨ ਦਾ ਅਧਿਕਾਰ ਦੇਣ ਲਈ ਉਸਦੇ ਹੱਕ ਵਿੱਚ ਪਾਵਰ ਆਫ਼ ਅਟਾਰਨੀ ਤਿਆਰ (ਪੀ.ਓ.ਏ.) ਕਰ ਸਕਦਾ ਹੈ। ਸੇਬੀ ਦੇ ਦਿਸ਼ਾਨਿਰਦੇਸ਼ਾਂ ਦੇ ਮੁਤਾਬਕ, ਕਲਾਇੰਟ ਦੁਆਰਾ ਸਟਾਕ ਬ੍ਰੋਕਰ / ਡਿਪਾਜ਼ਿਟਰੀ ਪਾਰਟਿਸਿਪੈਂਟ ਦੇ ਹੱਕ ਵਿੱਚ ਇੱਕ ਖ਼ਾਸ ਪਾਵਰ ਆਫ਼ ਅਟਾਰਨੀ (ਪੀ.ਓ.ਏ.) ਤਿਆਰ ਕੀਤੀ ਜਾ ਸਕਦੀ ਹੈ।

ਸੇਬੀ ਦੇ ਦਿਸ਼ਾਨਿਰਦੇਸ਼ਾਂ ਦੇ ਮੁਤਾਬਕ, ਪਾਵਰ ਆਫ਼ ਅਟਾਰਨੀ 'ਤੇ ਦਸਤਖ਼ਤ ਕਰ ਕੇ ਉਸਨੂੰ ਜਾਰੀ ਕਰਨਾ ਲਾਜ਼ਮੀ ਨਹੀਂ ਹੈ। ਪਾਵਰ ਆਫ਼ ਅਟਾਰਨੀ 'ਤੇ ਦਸਤਖ਼ਤ ਕਰਨਾ ਪੂਰੀ ਤਰ੍ਹਾਂ ਵਿਕਲਪਕ ਅਤੇ ਸਵੈਇੱਛਕ ਹੈ – ਜੇਕਰ ਤੁਹਾਨੂੰ ਪਤਾ ਲੱਗਦਾ ਹੈ ਕਿ ਪਾਵਰ ਆਫ਼ ਅਟਾਰਨੀ 'ਤੇ ਦਸਤਖ਼ਤ ਕਰਨਾ ਤੁਹਾਡੇ ਲਈ ਲਾਭਕਾਰੀ ਹੈ, ਤਾਂ ਤੁਸੀਂ ਉਸ 'ਤੇ ਦਸਤਖ਼ਤ ਕਰ ਸਕਦੇ ਹੋ। ਤੁਸੀਂ ਕਿਸੇ ਵੀ ਸਮੇਂ ਪਾਵਰ ਆਫ਼ ਅਟਾਰਨੀ ਨੂੰ ਰੱਦ ਵੀ ਕਰ ਸਕਦੇ ਹੋ।

ਜੇਕਰ ਤੁਹਾਡੇ ਸਟਾਕ ਬ੍ਰੋਕਰ ਦੁਆਰਾ, ਪੀ.ਓ.ਏ. ਦੇ ਤਹਿਤ ਤੁਹਾਡੇ ਦੁਆਰਾ ਅਧਿਕਾਰਤ ਕੀਤੇ ਗਏ ਕਾਰਨਾਂ ਤੋਂ ਇਲਾਵਾ ਕਿਸੇ ਹੋਰ ਕਾਰਨ ਵਜੋਂ, ਤੁਹਾਡੇ ਅਕਾਉਂਟ ਵਿੱਚ ਕੋਈ ਸ਼ੇਅਰ ਟ੍ਰਾਂਸਫਰ ਕੀਤੇ ਜਾਂਦੇ ਹਨ, ਤਾਂ ਤੁਹਾਨੂੰ ਤੁਰੰਤ ਆਪਣੇ ਸਟਾਕ ਬ੍ਰੋਕਰ ਨਾਲ ਉਸ ਬਾਰੇ ਗੱਲ ਕਰਨੀ ਚਾਹੀਦੀ ਹੈ। ਜੇਕਰ ਉਸ ਵੱਲੋਂ ਕੋਈ ਜਵਾਬ ਪ੍ਰਾਪਤ ਨਹੀਂ ਹੁੰਦਾ ਜਾਂ ਤੁਸੀਂ ਜਵਾਬ ਤੋਂ ਸੰਤੁਸ਼ਟ ਨਹੀਂ ਹੋ, ਤਾਂ ਤੁਹਾਨੂੰ ਤੁਰੰਤ ਡਿਪਾਜ਼ਿਟਰੀ/ਐਕਸਚੇਂਜ ਨੂੰ ਉਸ ਮਾਮਲੇ ਬਾਰੇ ਸੂਚਿਤ ਕਰਨਾ ਚਾਹੀਦਾ ਹੈ।

ਜੇਕਰ ਤੁਸੀਂ ਸਟਾਕ ਬ੍ਰੋਕਰ / ਡਿਪਾਜ਼ਿਟਰੀ ਪਾਰਟਿਸਿਪੈਂਟ ਦੇ ਹੱਕ ਵਿੱਚ ਪਾਵਰ ਆਫ਼ ਅਟਾਰਨੀ (ਪੀ.ਓ.ਏ.) ਤਿਆਰ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸੇਬੀ/ ਸਟਾਕ ਐਕਸਚੇਂਜਾਂ/ ਡਿਪਾਜ਼ਿਟਰੀਜ਼ ਵੱਲੋਂ ਜਾਰੀ ਕੀਤੇ ਗਏ ਦਿਸ਼ਾਨਿਰਦੇਸ਼ ਵੇਖੋ ਜੋ ਉਨ੍ਹਾਂ ਦੀਆਂ ਸੰਬੰਧਿਤ ਅਧਿਕਾਰਤ ਵੈੱਬਸਾਈਟਾਂ 'ਤੇ ਉਪਲਬਧ ਹਨ।

**ਦਿਸ਼ਾਨਿਰਦੇਸ਼**

https://www.sebi.gov.in/

# ੧੧

## ਨਾਮਜ਼ਦਗੀ

ਨਾਮਜ਼ਦਗੀ ਇੱਕ ਸਹੂਲਤ ਹੈ ਜੋ ਕਿਸੇ ਵਿਅਕਤੀਗਤ ਨਿਵੇਸ਼ਕ ਨੂੰ ਕਿਸੇ ਅਜਿਹੇ ਵਿਅਕਤੀ ਨੂੰ ਨਾਮਜ਼ਦ ਕਰਨ ਲਈ ਯੋਗ ਬਣਾਉਂਦੀ ਹੈ, ਜੋ ਨਿਵੇਸ਼ਕ ਦੀ ਮੌਤ ਹੋਣ ਦੀ ਸਥਿਤੀ ਵਿੱਚ ਉਸਦੇ ਡੀਮੈਟ ਅਕਾਊਂਟਸ ਵਿੱਚ ਰੱਖੀਆਂ ਸਿਕਯੁਰਟੀਜ਼ ਜਾਂ ਉਨ੍ਹਾਂ ਤੋਂ ਪ੍ਰਾਪਤ ਹੋਣ ਵਾਲੇ ਭੁਗਤਾਨਾਂ (ਮਿਊਚੁਅਲ ਫੰਡ ਯੂਨਿਟਸ ਦੇ ਸੰਬੰਧ ਵਿੱਚ) ਲਈ ਦਾਅਵਾ ਕਰ ਸਕਦਾ ਹੈ।



## ਮੈਂ ਸ਼ੇਅਰ ਮਾਰਕਿਟ ਵਿੱਚ ਕਿਵੇਂ ਨਿਵੇਸ਼ ਕਰਾਂ?

# ੧੨

## ਪ੍ਰਾਇਮਰੀ ਮਾਰਕਿਟ ਰਾਹੀਂ ਨਿਵੇਸ਼

ਜਦੋਂ ਕੋਈ ਜਾਰੀਕਰਤਾ ਕੰਪਨੀ ਪਬਲਿਕ ਆਫ਼ਰ ਰਾਹੀਂ ਆਮ ਲੋਕਾਂ ਨੂੰ ਸ਼ੇਅਰ ਜਾਰੀ ਕਰਦੀ ਹੈ, ਓਦੋਂ ਤੁਸੀਂ ਜ਼ਰੂਰੀ ਅਰਜ਼ੀ ਫ਼ਾਰਮ ਸਬਮਿਟ ਕਰ ਕੇ ਸ਼ੇਅਰਾਂ ਲਈ ਅਰਜ਼ੀ ਦੇ ਸਕਦੇ ਹੋ। ਸਿਕਯੁਰਟੀਜ਼ ਨੂੰ ਜਾਰੀ ਕਰਨ ਲਈ, ਜਾਰੀਕਰਤਾ ਕੰਪਨੀ ਨੂੰ ਕੁਝ ਨਿਯਮਾਂ, ਵਿਨਿਯਮਾਂ, ਆਦਿ ਦੀ ਪਾਲਣਾ ਕਰਨ ਦੀ ਜ਼ਰੂਰਤ ਹੁੰਦੀ ਹੈ। ਨਿਰਧਾਰਿਤ ਨਿਯਮਾਂ ਅਤੇ ਵਿਨਿਯਮਾਂ ਦੇ ਮੁਤਾਬਕ ਸ਼ੇਅਰ ਅਲਾਟ ਕੀਤੇ ਜਾਣਗੇ। ਅਲਾਟ ਕੀਤੇ ਗਏ ਸ਼ੇਅਰ ਡੀ.ਪੀ. ਕੋਲ ਕਾਇਮ ਬਿਨੈਕਾਰ ਦੇ ਡੀਮੈਟ ਅਕਾਊਂਟ ਵਿੱਚ ਕ੍ਰੈਡਿਟ ਕਰ ਦਿੱਤੇ ਜਾਣਗੇ। ਸਿਕਯੁਰਟੀਜ਼ ਦੀ ਅਲਾਟਮੈਂਟ ਡੀਮੈਟ ਸਰੂਪ ਵਿੱਚ ਕੀਤੀ ਜਾਵੇਗੀ ਅਤੇ ਨਿਵੇਸ਼ਕਾਂ ਕੋਲ ਬਾਅਦ ਵਿੱਚ ਉਨ੍ਹਾਂ ਨੂੰ ਭੌਤਿਕ ਸ਼ੇਅਰਾਂ ਵਿੱਚ ਤਬਦੀਲ ਕਰਵਾਉਣ ਦਾ ਵਿਕਲਪ ਹੋਵੇਗਾ। ਪਬਲਿਕ ਇਸ਼ੂ ਬੰਦ ਹੋਣ 'ਤੇ, ਇਸ਼ੂ ਬੰਦ ਹੋਣ ਤੋਂ ਬਾਅਦ ਛੇ (੦੬) ਕਾਰੋਬਾਰੀ ਦਿਨਾਂ ਦੇ ਅੰਦਰ, ਅਲਾਟ ਕੀਤੇ ਗਏ ਸ਼ੇਅਰ ਉਨ੍ਹਾਂ ਮਾਨਤਾ ਪ੍ਰਾਪਤ ਸਟਾਕ ਐਕਸਚੇਂਜਾਂ ਵਿੱਚ ਲਿਸਟ ਕੀਤੇ ਜਾਂਦੇ ਹਨ ਜਿੱਥੇ ਸ਼ੇਅਰਾਂ ਵਿੱਚ ਅੱਗੇ ਟ੍ਰੇਡਿੰਗ ਹੁੰਦੀ ਹੈ।



**ਕਿਰਪਾ ਕਰਕੇ ਨੋਟ ਕਰੋ:**
ਸੇਬੀ ਦੇ ਨਵੀਨਤਮ ਦਿਸ਼ਾਨਿਰਦੇਸ਼ਾਂ ਦੇ ਮੁਤਾਬਕ, ਤੁਸੀਂ ਭੌਤਿਕ ਸਰੂਪ ਜਾਂ ਡੀਮੈਟ ਸਰੂਪ ਵਿੱਚ ਸ਼ੇਅਰ ਸਰਟੀਫਿਕੇਟਜ਼ ਜਿਹੀਆਂ ਸਿਕਯੁਰਟੀਜ਼ ਨੂੰ ਕਾਇਮ ਰੱਖਣ ਦੀ ਚੋਣ ਕਰ ਸਕਦੇ ਹੋ। ਹਾਲਾਂਕਿ, ੦੧ ਅਪ੍ਰੈਲ, ੨੦੧੯ ਤੋਂ ਬਾਅਦ, ਸਿਕਯੁਰਟੀਜ਼ ਸਿਰਫ਼ ਓਦੋਂ ਟ੍ਰਾਂਸਫਰ ਕੀਤੀਆਂ ਜਾ ਸਕਦੀਆਂ ਹਨ ਜੇਕਰ ਉਹ ਡੀਮੈਟ ਸਰੂਪ ਵਿੱਚ ਰੱਖੀਆਂ ਜਾਂਦੀਆਂ ਹਨ। ਇਸ ਲਈ ਇੱਕ ਡੀਮੈਟ ਅਕਾਊਂਟ ਖੋਲ੍ਹ ਕੇ ਉਸ ਵਿੱਚ ਸਾਰੀਆਂ ਸਿਕਯੁਰਟੀਜ਼ ਨੂੰ ਕਾਇਮ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ। ਵਿਰਾਸਤ ਜਾਂ ਉੱਤਰਾਧਿਕਾਰ ਵਜੋਂ ਉਨ੍ਹਾਂ ਦੇ ਕਨੂੰਨੀ ਵਾਰਸਾਂ ਨੂੰ ਸ਼ੇਅਰ ਟ੍ਰਾਂਸਫਰ ਕਰਨ ਦੀ ਸਥਿਤੀ ਵਿੱਚ ਇਹ ਨਿਯਮ ਲਾਗੂ ਨਹੀਂ ਹੁੰਦਾ।

# ੧੩

## ਪ੍ਰਾਇਮਰੀ ਮਾਰਕਿਟ ਵਿੱਚ ਨਿਵੇਸ਼ ਕਰਨ ਦੀ ਪ੍ਰਕਿਰਿਆ

ਆਮ ਲੋਕਾਂ ਵਾਸਤੇ ਇਸ਼ੂ ਲਈ ਕਿਸੇ ਕੰਪਨੀ ਦੇ ਪਬਲਿਕ ਇਸ਼ੂ ਦੇ ਖੁੱਲ੍ਹਣ ਦੀ ਮਿਆਦ ਦੇ ਦੌਰਾਨ ਅਰਜ਼ੀ ਫ਼ਾਰਮ ਭਰ ਕੇ ਅਤੇ ਭੁਗਤਾਨ ਕਰ ਕੇ ਤੁਸੀਂ ਪਬਲਿਕ ਆਫ਼ਰ / ਇਸ਼ੂ ਦੇ ਦੌਰਾਨ ਸਿੱਧਾ ਉਸ ਕੰਪਨੀ ਤੋਂ ਕੰਪਨੀ ਦੇ ਸ਼ੇਅਰ ਖਰੀਦ ਸਕਦੇ ਹੋ। ਅਰਜ਼ੀ ਫ਼ਾਰਮ ਵਿੱਚ, ਤੁਹਾਨੂੰ ਬਿਓਰਾ ਭਰਨਾ ਪਵੇਗਾ, ਜਿਵੇਂ, ਨਾਂ, ਪਤਾ, ਸ਼ੇਅਰਾਂ ਦੀ ਸੰਖਿਆ ਜਿਨ੍ਹਾਂ ਲਈ ਅਰਜ਼ੀ ਦਿੱਤੀ ਗਈ ਹੈ, ਬੈਂਕ ਅਕਾਉਂਟ ਦਾ ਬਿਓਰਾ, ਡੀਮੈਟ ਅਕਾਉਂਟ ਜਿਸ ਵਿੱਚ ਸ਼ੇਅਰ ਕ੍ਰੈਡਿਟ ਹੋਣੇ ਹਨ, ਆਦਿ।




ਫਿਰ ਉਸ ਆਈ.ਪੀ.ਓ. ਵਿੱਚ ਦਿਲਚਸਪੀ ਰੱਖਣ ਵਾਲੇ ਨਿਵੇਸ਼ਕ ਬਲਾਕ ਕੀਤੀ ਰਕਮ ਦੁਆਰਾ ਸਮਰਥਿਤ ਅਰਜ਼ੀ (ਏ.ਐੱਸ.ਬੀ.ਏ.) ਰਾਹੀਂ ਅਤੇ ਭੁਗਤਾਨ ਵਿਧੀ ਦੇ ਤੌਰ 'ਤੇ ਯੂਨਿਫ਼ਾਇਡ ਪੇਮੈਂਟ ਇੰਟਰਫੇਸ (ਯੂ.ਪੀ.ਆਈ.) (ਪੁਸਤਕ ਵਿੱਚ ਅੱਗੇ ਵਿਸਥਾਰ ਵਿੱਚ ਜਿਸ ਬਾਰੇ ਦੱਸਿਆ ਗਿਆ ਹੈ) ਨੂੰ ਵਰਤ ਕੇ ਉਹ ਉਸ ਆਈ.ਪੀ.ਓ. ਲਈ ਅਰਜ਼ੀ ਦੇ ਸਕਦੇ ਹਨ। ਫਿਰ ਨਿਵੇਸ਼ਕਾਂ ਨੂੰ ਅਰਜ਼ੀ ਫ਼ਾਰਮ ਭਰਨਾ ਪਵੇਗਾ ਅਤੇ ਆਪਣੀ ਤਰਜੀਹ ਦੇ ਮੁਤਾਬਕ ਆਪਣੇ ਲਈ ਸ਼ੇਅਰਾਂ ਦੀ ਐਲੋਕੇਸ਼ਨ ਵਾਸਤੇ ਅਰਜ਼ੀ ਦੇਣੀ ਪਵੇਗੀ। ਜਿਨ੍ਹਾਂ ਸ਼ੇਅਰਾਂ ਲਈ ਨਿਵੇਸ਼ਕ ਨੇ ਅਰਜ਼ੀ ਦਿੱਤੀ ਹੈ, ਫਿਰ ਉਨ੍ਹਾਂ ਲਈ ਭੁਗਤਾਨ ਨਿਵੇਸ਼ਕ ਦੇ ਬੈਂਕ ਅਕਾਉਂਟ ਵਿੱਚ ਬਲਾਕ ਹੋ ਜਾਂਦਾ ਹੈ। ਆਈ.ਪੀ.ਓ. ਦੀ ਲਿਸਟਿੰਗ ਦੀ ਪੂਰੀ ਪ੍ਰਕਿਰਿਆ ਵਿੱਚ ਇਸ਼ੂ ਬੰਦ ਹੋਣ ਤੋਂ ਬਾਅਦ ਛੇ (੦੬) ਕਾਰੋਬਾਰੀ ਦਿਨ ਲੱਗਦੇ ਹਨ। ਜਿਨ੍ਹਾਂ ਨਿਵੇਸ਼ਕਾਂ ਨੂੰ ਸ਼ੇਅਰ ਜਾਰੀ ਹੁੰਦੇ ਹਨ, ਉਹ ਆਪਣੇ ਡੀਮੈਟ ਅਕਾਉਂਟ ਵਿੱਚ ਸ਼ੇਅਰ ਪ੍ਰਾਪਤ ਕਰਦੇ ਹਨ ਅਤੇ ਉਨ੍ਹਾਂ ਦੇ ਬੈਂਕ ਅਕਾਉਂਟ ਤੋਂ ਉਨ੍ਹਾਂ ਸ਼ੇਅਰਾਂ ਲਈ ਰਕਮ ਡੈਬਿਟ ਹੋ ਜਾਂਦੀ ਹੈ। ਜੇਕਰ ਸ਼ੇਅਰ ਅਲਾਟ ਨਹੀਂ ਹੁੰਦੇ, ਤਾਂ ਬਿਨੈਕਾਰ ਦੇ ਬੈਂਕ ਅਕਾਉਂਟ ਵਿੱਚ ਬਲਾਕ ਕੀਤੀ ਗਈ ਰਕਮ ਹੋਰ ਵਰਤੋਂ ਲਈ ਮੁਕਤ ਹੋ ਜਾਂਦੀ ਹੈ।




**ਸਾਵਧਾਨ:**

- ਕਿਸੇ ਕੰਪਨੀ ਦੇ ਸ਼ੇਅਰਾਂ ਵਿੱਚ ਨਿਵੇਸ਼ ਕਰਨ ਤੋਂ ਪਹਿਲਾਂ ਕੰਪਨੀ ਦੇ ਪ੍ਰਾਸਪੈਕਟਸ/ ਰੈੱਡ ਹੈਰਿੰਗ ਪ੍ਰਾਸਪੈਕਟਸ/ ਆਫ਼ਰ ਦਸਤਾਵੇਜ਼ ਨੂੰ ਧਿਆਨ ਨਾਲ ਪੜ੍ਹੋ।
- ਪਬਲਿਕ ਇਸ਼ੂ ਵਿੱਚ ਸ਼ੇਅਰਾਂ ਲਈ ਅਰਜ਼ੀ ਦਿੰਦੇ ਹੋਏ ਸ਼ੇਅਰਾਂ ਦੀ ਕੀਮਤ ਅਤੇ ਮਾਤਰਾ ਬਾਰੇ ਧਿਆਨ ਰੱਖੋ।
- ਤੁਸੀਂ ਜਿਸ ਕੀਮਤ 'ਤੇ ਸ਼ੇਅਰਾਂ ਲਈ ਅਰਜ਼ੀ ਦਿੱਤੀ ਸੀ ਉਸਨੂੰ ਨੋਟ ਕਰੋ।
- ਬਾਜ਼ਾਰ ਦੀਆਂ ਭਾਵਨਾਵਾਂ ਦੇ ਅਧਾਰ 'ਤੇ ਨਿਵੇਸ਼ ਨਾ ਕਰੋ, ਬਲਕਿ ਕੰਪਨੀ ਅਤੇ ਉਸਦੀ ਵਿੱਤੀ ਸਥਿਤੀ ਬਾਰੇ ਵਿਸ਼ਲੇਸ਼ਣ ਕਰੋ ਅਤੇ ਸਿਆਣਪ ਨਾਲ ਨਿਵੇਸ਼ ਕਰੋ।

## ੧੪

### ਬਲਾਕ ਕੀਤੀ ਰਕਮ ਦੁਆਰਾ ਸਮਰਥਿਤ ਅਰਜ਼ੀ (ਏ.ਐੱਸ.ਬੀ.ਏ.)

ਹੁਣ ਨਿਵੇਸ਼ਕ ਏ.ਐੱਸ.ਬੀ.ਏ. ਰਾਹੀਂ ਆਈ.ਪੀ.ਓ. ਵਿੱਚ ਸਿਕਯੁਰਟੀਜ਼ ਲਈ ਅਰਜ਼ੀ ਦੇ ਸਕਦੇ ਹਨ। ਏ.ਐੱਸ.ਬੀ.ਏ. ਵਿੱਚ, ਜਿਨ੍ਹਾਂ ਸ਼ੇਅਰਾਂ ਲਈ ਨਿਵੇਸ਼ਕ ਨੇ ਅਰਜ਼ੀ ਦਿੱਤੀ ਹੈ, ਉਨ੍ਹਾਂ ਸ਼ੇਅਰਾਂ ਦੀ ਕੀਮਤ ਦੇ ਬਰਾਬਰ ਰਕਮ ਬਲਾਕ ਹੋ ਜਾਂਦੀ ਹੈ, ਪਰ ਅਲਾਟਮੈਂਟ ਤੱਕ ਉਹ ਤੁਹਾਡੇ ਅਕਾਉਂਟ ਵਿੱਚ ਹੀ ਰਹਿੰਦੀ ਹੈ। ਸ਼ੇਅਰਾਂ ਦੀ ਅਲਾਟਮੈਂਟ, ਆਦਿ ਹੋਣ 'ਤੇ, ਤੁਹਾਡੇ ਅਕਾਉਂਟ ਵਿੱਚੋਂ ਲੋੜੀਂਦੀ ਰਕਮ ਡੈਬਿਟ ਹੋ ਜਾਂਦੀ ਹੈ। ਬਲਾਕ ਕੀਤੀ ਰਕਮ 'ਤੇ ਵਿਆਜ ਮਿਲਣਾ ਜਾਰੀ ਰਹਿੰਦਾ ਹੈ ਅਤੇ ਅਲਾਟਮੈਂਟ ਨਾ ਹੋਣ ਦੀ ਸਥਿਤੀ ਵਿੱਚ ਰਕਮ ਵਾਪਸੀ ਦੀ ਕੋਈ ਜ਼ਰੂਰਤ ਨਹੀਂ ਹੁੰਦੀ। ਇਸ ਲਈ, ਅਸਲ ਵਿੱਚ ਆਈ.ਪੀ.ਓ. ਵਾਸਤੇ ਅਰਜ਼ੀ ਦੇਣ ਲਈ ਚੈੱਕ ਭੇਜਣ ਦੇ ਬਜਾਏ ਹੁਣ ਤੁਸੀਂ ਬਲਾਕ ਕੀਤੀ ਰਕਮ ਦੁਆਰਾ ਸਮਰਥਿਤ ਅਰਜ਼ੀ (ਏ.ਐੱਸ.ਬੀ.ਏ.) ਰਾਹੀਂ ਅਰਜ਼ੀ ਦੇ ਸਕਦੇ ਹੋ ਜਿਸਨੂੰ ਰਕਮ ਇਕੱਠੀ ਕਰਨ ਵਾਲੇ ਬੈਂਕਾਂ ਦੀਆਂ ਕੁਝ ਸ਼ਾਖਾਵਾਂ ਦੁਆਰਾ ਸਹੂਲਤ ਦਿੱਤੀ ਗਈ ਹੈ। ਇਨ੍ਹਾਂ ਬੈਂਕਾਂ ਦੀ ਸੂਚੀ ਸੇਬੀ ਦੀ ਵੈੱਬਸਾਈਟ 'ਤੇ ਉਪਲਬਧ ਹੈ। ਹੁਣ ਨਿਵੇਸ਼ਕ ਭੁਗਤਾਨ ਵਿਧੀ ਦੇ ਤੌਰ 'ਤੇ ਯੂਨਿਫ਼ਾਇਡ ਪੇਮੈਂਟ ਇੰਟਰਫੇਸ (ਯੂ.ਪੀ.ਆਈ.) ਨੂੰ ਵਰਤ ਕੇ ਆਈ.ਪੀ.ਓ. ਵਿੱਚ ਨਿਵੇਸ਼ ਕਰ ਸਕਦੇ ਹਨ। ਯੂ.ਪੀ.ਆਈ. ਦੇ ਜ਼ਰੀਏ ਨਿਵੇਸ਼ ਕਰਨ ਦੀ ਪ੍ਰਕਿਰਿਆ ਅਨੁਲੱਗ-IV ਵਿੱਚ ਸਮਝਾਈ ਗਈ ਹੈ।



## ੧੫

### ਸੈਕੰਡਰੀ ਮਾਰਕਿਟ ਰਾਹੀਂ ਨਿਵੇਸ਼

ਕਿਸੇ ਮਾਨਤਾ ਪ੍ਰਾਪਤ ਸਟਾਕ ਐਕਸਚੇਂਜ ਦੇ ਸਟਾਕ ਬ੍ਰੋਕਰ ਕੋਲ ਟ੍ਰੇਡਿੰਗ/ਬ੍ਰੋਕਿੰਗ ਅਕਾਉਂਟ ਖੋਲ੍ਹਣ ਤੋਂ ਬਾਅਦ, ਤੁਸੀਂ ਸਟਾਕ ਐਕਸਚੇਂਜ ਦੇ ਸਟਾਕ ਬ੍ਰੋਕਰ ਦੇ ਜ਼ਰੀਏ ਕਿਸੇ ਕੰਪਨੀ ਦੇ ਸ਼ੇਅਰ ਖਰੀਦ ਜਾਂ ਵੇਚ ਸਕਦੇ ਹੋ। ਤੁਸੀਂ ਆਪਣੇ ਬ੍ਰੋਕਰ ਦੀ ਵੈੱਬਸਾਈਟ, ਬ੍ਰੋਕਰ ਦੀ ਮੋਬਾਈਲ ਟ੍ਰੇਡਿੰਗ ਐਪ 'ਤੇ ਜਾ ਕੇ ਆਨਲਾਈਨ ਟ੍ਰੇਡਿੰਗ ਅਕਾਉਂਟ ਨੂੰ ਵਰਤ ਕੇ, ਕਾਲ ਅਤੇ ਟ੍ਰੇਡ ਦੀ ਸਹੂਲਤ ਨੂੰ ਵਰਤ ਕੇ ਫ਼ੋਨ ਦੇ ਜ਼ਰੀਏ, ਭੌਤਿਕ ਤੌਰ 'ਤੇ ਬ੍ਰੋਕਰ ਦੇ ਦਫ਼ਤਰ ਜਾ ਕੇ ਜਾਂ ਸਟਾਕ ਬ੍ਰੋਕਰਾਂ ਦੇ ਅਧਿਕਾਰਤ ਵਿਅਕਤੀਆਂ ਦੁਆਰਾ, ਬ੍ਰੋਕਰ ਦੇ ਜ਼ਰੀਏ ਸਿਕਯੁਰਟੀਜ਼ ਖਰੀਦਣ ਜਾਂ ਵੇਚਣ ਲਈ ਆਰਡਰ ਦੇ ਸਕਦੇ ਹੋ।



**ਆਰਡਰ ਦੇਣ ਦੇ ਮੋਡ**




**ਸਾਵਧਾਨ:**

- ਸਿਰਫ਼ ਸੇਬੀ ਵਿੱਚ ਰਜਿਸਟਰਡ ਸਟਾਕ ਬ੍ਰੋਕਰ ਜਾਂ ਅਧਿਕਾਰਤ ਵਿਅਕਤੀ ਦੇ ਜ਼ਰੀਏ ਹੀ ਸ਼ੇਅਰ ਖਰੀਦੇ ਜਾਂ ਵੇਚੇ ਜਾਣੇ ਚਾਹੀਦੇ ਹਨ।
- ਸੈਕੰਡਰੀ ਮਾਰਕਿਟ ਵਿੱਚ ਟ੍ਰੇਡ ਕਰਦੇ ਹੋਏ, ਹਮੇਸ਼ਾ ਆਪਣੇ ਵੱਲੋਂ ਬ੍ਰੋਕਰ ਨੂੰ ਦਿੱਤੇ ਗਏ ਆਰਡਰਸ ਦਾ ਰਿਕਾਰਡ ਰੱਖੋ।

# ੧੬

## ਟ੍ਰੇਡਿੰਗ ਦੇ ਦਿਨ ਅਤੇ ਟ੍ਰੇਡਿੰਗ ਅਤੇ ਸੈਟਲਮੈਂਟ ਸਾਈਕਲ

ਸਟਾਕ ਐਕਸਚੇਂਜਾਂ ਵਿੱਚ ਟ੍ਰੇਡਿੰਗ ਹਫ਼ਤੇ ਦੇ ਸਾਰੇ ਦਿਨ (ਸ਼ਨਿੱਚਰਵਾਰ, ਐਤਵਾਰ ਅਤੇ ਸਟਾਕ ਐਕਸਚੇਂਜ ਦੁਆਰਾ ਘੋਸ਼ਿਤ ਛੁੱਟੀਆਂ ਨੂੰ ਛੱਡ ਕੇ) ਹੁੰਦੀ ਹੈ। ਸ਼ੇਅਰ ਖਰੀਦਣ ਦੀ ਸਥਿਤੀ ਵਿੱਚ, ਸੰਬੰਧਿਤ ਸੈਟਲਮੈਂਟ ਲਈ ਪੇ-ਇਨ ਦੇ ਦਿਨ ਤੋਂ ਪਹਿਲਾਂ ਤੁਹਾਨੂੰ ਆਪਣੇ ਸਟਾਕ ਬ੍ਰੋਕਰ ਦੇ ਬੈਂਕ ਅਕਾਉਂਟ ਵਿੱਚ ਭੁਗਤਾਨ ਕਰਨ ਦੀ ਜ਼ਰੂਰਤ ਹੋਵੇਗੀ (ਤਰਜੀਹੀ ਤੌਰ 'ਤੇ ਬ੍ਰੋਕਰ ਤੋਂ ਇਸਦੀ ਪੁਸ਼ਟੀ ਪ੍ਰਾਪਤ ਕਰਨ ਤੋਂ ਤੁਰੰਤ ਬਾਅਦ ਕਿ ਤੁਹਾਡਾ ਖਰੀਦ ਆਰਡਰ ਸਫਲਤਾਪੂਰਵਕ ਪੂਰਾ ਹੋ ਗਿਆ ਹੈ)। ਇਸੇ ਤਰ੍ਹਾਂ, ਸ਼ੇਅਰ ਵੇਚਣ ਦੀ ਸਥਿਤੀ ਵਿੱਚ, ਸੰਬੰਧਿਤ ਸੈਟਲਮੈਂਟ ਲਈ ਪੇ-ਇਨ ਦੇ ਦਿਨ ਤੋਂ ਪਹਿਲਾਂ ਤੁਹਾਨੂੰ ਬ੍ਰੋਕਰ ਦੇ ਡੀਮੈਟ ਅਕਾਉਂਟ ਵਿੱਚ ਸ਼ੇਅਰ ਡਿਲਿਵਰ ਕਰਨ ਦੀ ਜ਼ਰੂਰਤ ਹੋਵੇਗੀ।



ਪੇ-ਇਨ ਦਾ ਦਿਨ ਅਤੇ ਪੇ-ਆਉਟ ਦਾ ਦਿਨ ਕੀ ਹਨ? ਪੇ-ਇਨ ਦਾ ਦਿਨ ਉਹ ਦਿਨ ਹੁੰਦਾ ਹੈ ਜਦੋਂ ਬ੍ਰੋਕਰ ਐਕਸਚੇਂਜ ਦੀ ਕਲੀਅਰਿੰਗ ਕਾਰਪੋਰੇਸ਼ਨ ਨੂੰ ਸਿਕਯੁਰਟੀਜ਼ ਦਾ ਭੁਗਤਾਨ ਜਾਂ ਡਿਲਿਵਰੀ ਕਰਨਗੇ। ਪੇ-ਆਉਟ ਦਾ ਦਿਨ ਉਹ ਦਿਨ ਹੁੰਦਾ ਹੈ ਜਦੋਂ ਕਲੀਅਰਿੰਗ ਕਾਰਪੋਰੇਸ਼ਨ ਬ੍ਰੋਕਰ ਨੂੰ ਸਿਕਯੁਰਟੀਜ਼ ਦਾ ਭੁਗਤਾਨ ਜਾਂ ਡਿਲਿਵਰੀ ਕਰਦੀ ਹੈ। ੧ ਅਪ੍ਰੈਲ, ੨੦੧੩ ਤੋਂ ਸੈਟਲਮੈਂਟ ਸਾਈਕਲ ਟੀ+੨ ਰੋਲਿੰਗ ਸੈਟਲਮੈਂਟ ਦੇ ਅਧਾਰ 'ਤੇ ਹੋਵੇਗਾ (ਜਿੱਥੇ ਟੀ ਟ੍ਰੇਡ ਦਾ ਦਿਨ ਹੈ)। ਉਦਾਹਰਨ ਲਈ, ਸੋਮਵਾਰ ਨੂੰ ਕੀਤੇ ਗਏ ਟ੍ਰੇਡਸ ਨੂੰ ਆਮ ਤੌਰ 'ਤੇ ਬੁੱਧਵਾਰ ਨੂੰ ਸੈਟਲ ਕੀਤਾ ਜਾਂਦਾ ਹੈ।

(ਟ੍ਰੇਡ ਦੇ ਦਿਨ ਤੋਂ ਬਾਅਦ ੨ ਕਾਰੋਬਾਰੀ ਦਿਨ ਮੰਨਦੇ ਹੋਏ)। ਸਟਾਕ ਐਕਸਚੇਂਜਾਂ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਰਕਮ ਅਤੇ ਸਿਕਯੁਰਟੀਜ਼ ਦੇ ਪੇ-ਇਨ ਅਤੇ ਪੇ-ਆਉਟ ਟੀ+੨ ਦਿਨ ਨੂੰ ਕੀਤੇ ਜਾਂਦੇ ਹਨ।

ਰਕਮ/ ਸਿਕਯੁਰਟੀਜ਼ ਦਾ ਪੇ-ਇਨ ਬ੍ਰੋਕਰ ਦੇ ਅਕਾਉਂਟ ਤੋਂ ਐਕਸਚੇਂਜ ਦੇ ਅਕਾਉਂਟ ਵਿੱਚ ਰਕਮ/ ਸਿਕਯੁਰਟੀਜ਼ ਦਾ ਟ੍ਰਾਂਸਫਰ ਦਰਸਾਉਂਦਾ ਹੈ।

ਪੇ-ਆਉਟ: ਰਕਮ/ ਸਿਕਯੁਰਟੀਜ਼ ਦਾ ਪੇ-ਆਉਟ ਐਕਸਚੇਂਜ ਦੇ ਅਕਾਉਂਟ ਤੋਂ ਬ੍ਰੋਕਰ ਦੇ ਅਕਾਉਂਟ ਵਿੱਚ ਰਕਮ/ ਸਿਕਯੁਰਟੀਜ਼ ਦਾ ਟ੍ਰਾਂਸਫਰ ਦਰਸਾਉਂਦਾ ਹੈ।

**ਸਾਵਧਾਨ:**

- ਹਮੇਸ਼ਾ ਇਹ ਯਕੀਨੀ ਬਣਾਓ ਕਿ ਤੁਸੀਂ ਟ੍ਰੇਡ ਦੇ ਸੈਟਲਮੈਂਟ ਸਾਈਕਲ ਦੇ ਪੇ-ਇਨ ਦੀ ਤਾਰੀਖ਼ ਤੋਂ ਪਹਿਲਾਂ ਆਪਣੇ ਬੈਂਕ/ ਡੀਮੈਟ ਅਕਾਉਂਟ ਵਿੱਚ ਪਰਯਾਪਤ ਰਕਮ/ ਸਿਕਯੁਰਟੀਜ਼ ਰੱਖਦੇ ਹੋ।
- ਸੈਟਲਮੈਂਟ ਲਈ ਪਰਯਾਪਤ ਰਕਮ/ ਸਿਕਯੁਰਟੀਜ਼ ਦੀ ਗੈਰ-ਉਪਲਬਧਤਾ ਵਜੋਂ ਨਿਵੇਸ਼ਕ ਨੂੰ ਭਾਰੀ ਜੁਰਮਾਨਾ ਅਤੇ ਹੋਰ ਨੁਕਸਾਨ ਹੋ ਸਕਦੇ ਹਨ।

# ੧੭

## ਕਾਨਟ੍ਰੈਕਟ ਨੋਟ

ਕਾਨਟ੍ਰੈਕਟ ਨੋਟ ਸਟਾਕ ਬ੍ਰੋਕਰ ਦੁਆਰਾ ਕੀਤੇ ਗਏ ਟ੍ਰੇਡ ਦਾ ਸਬੂਤ ਹੁੰਦਾ ਹੈ। ਇਹ ਇੱਕ ਕਨੂੰਨੀ ਦਸਤਾਵੇਜ਼ ਹੈ ਜਿਸ ਵਿੱਚ ਲੈਣ-ਦੇਣ ਦਾ ਬਿਓਰਾ ਹੁੰਦਾ ਹੈ ਜਿਵੇਂ ਖਰੀਦੀਆਂ/ ਵੇਚੀਆਂ ਗਈਆਂ ਸਿਕਯੁਰਟੀਜ਼, ਟ੍ਰੇਡ ਦੀ ਕੀਮਤ, ਟ੍ਰੇਡ ਦਾ ਸਮਾਂ, ਬ੍ਰੋਕਰੇਜ, ਆਦਿ। ਕਾਨਟ੍ਰੈਕਟ ਨੋਟਸ ਭੌਤਿਕ ਜਾਂ ਇਲੈਕਟ੍ਰਾਨਿਕ ਸਰੂਪ ਵਿੱਚ ਜਾਰੀ ਕੀਤੇ ਜਾ ਸਕਦੇ ਹਨ। ਜੇਕਰ ਤੁਸੀਂ ਇਲੈਕਟ੍ਰਾਨਿਕ ਕਾਨਟ੍ਰੈਕਟ ਨੋਟ ਦੀ ਚੋਣ ਕਰਦੇ ਹੋ, ਤਾਂ ਸਟਾਕ ਬ੍ਰੋਕਰ ਨੂੰ ਤੁਹਾਡੇ ਈਮੇਲ ਆਈ.ਡੀ. ਦੇ ਨਾਲ ਇੱਕ ਖ਼ਾਸ ਅਧਿਕਾਰ ਦੇਣ ਦੀ ਜ਼ਰੂਰਤ ਹੋਵੇਗੀ। ਅਜਿਹੇ ਇਲੈਕਟ੍ਰਾਨਿਕ ਕਾਨਟ੍ਰੈਕਟ ਨੋਟਸ 'ਤੇ ਡਿਜੀਟਲ ਤਰੀਕੇ ਨਾਲ ਦਸਤਖ਼ਤ ਕੀਤੇ ਜਾਣਗੇ, ਇਹ ਐਨਕ੍ਰਿਪਟ ਕੀਤੇ ਜਾਣਗੇ ਅਤੇ ਇਹਨਾਂ ਨਾਲ ਛੇੜ-ਛਾੜ ਨਹੀਂ ਕੀਤੀ ਜਾ ਸਕਦੀ। ਅਜਿਹੇ ਕਾਨਟ੍ਰੈਕਟ ਨੋਟਸ ਨਿਵੇਸ਼ਕ ਦੁਆਰਾ ਭਵਿੱਖ ਦੇ ਹਵਾਲਿਆਂ ਲਈ ਸੁਰੱਖਿਅਤ ਰੱਖੇ ਜਾਣੇ ਚਾਹੀਦੇ ਹਨ। ਇਹ ਬਹੁਤ ਮਹੱਤਵਪੂਰਣ ਹੁੰਦੇ ਹਨ, ਖ਼ਾਸ ਤੌਰ 'ਤੇ ਓਦੋਂ ਜੇਕਰ ਬਾਅਦ ਵਿੱਚ ਕੋਈ ਵਿਵਾਦ ਪੈਦਾ ਹੁੰਦਾ ਹੈ।



ਨਿਵੇਸ਼ਕ ਦੁਆਰਾ ਭਵਿੱਖ ਦੇ ਹਵਾਲਿਆਂ ਲਈ ਸੁਰੱਖਿਅਤ ਰੱਖੇ ਜਾਣੇ ਚਾਹੀਦੇ ਹਨ। ਇਹ ਬਹੁਤ ਮਹੱਤਵਪੂਰਣ ਹੁੰਦੇ ਹਨ, ਖ਼ਾਸ ਤੌਰ 'ਤੇ ਓਦੋਂ ਜੇਕਰ ਬਾਅਦ ਵਿੱਚ ਕੋਈ ਵਿਵਾਦ ਪੈਦਾ ਹੁੰਦਾ ਹੈ।

**ਸਾਵਧਾਨ:**

- ਟ੍ਰੇਡ ਕਰਨ ਤੋਂ ਬਾਅਦ ੨੪ ਘੰਟਿਆਂ ਦੇ ਅੰਦਰ ਸਟਾਕ ਬ੍ਰੋਕਰ ਦੁਆਰਾ ਕਾਨਟ੍ਰੈਕਟ ਨੋਟ ਜਾਰੀ ਕੀਤਾ ਜਾਵੇਗਾ। ਕਾਨਟ੍ਰੈਕਟ ਨੋਟ ਵਿੱਚ ਕੋਈ ਫ਼ਰਕ ਹੋਣ ਦੀ ਸਥਿਤੀ ਵਿੱਚ, ਨਿਵੇਸ਼ਕ ਨੂੰ ਤੁਰੰਤ ਸਟਾਕ ਬ੍ਰੋਕਰ ਨੂੰ ਉਸ ਮਾਮਲੇ ਬਾਰੇ ਸੂਚਿਤ ਕਰਨਾ ਚਾਹੀਦਾ ਹੈ।

- ਮਾਰਕਿਟ ਵਿੱਚ ਆਰਡਰ ਦਿੰਦੇ ਹੋਏ, ਆਪਣੇ ਕੋਲ ਰੱਖੇ ਗਏ ਰਿਕਾਰਡਾਂ ਨੂੰ ਕਾਨਟ੍ਰੈਕਟ ਨੋਟ ਵਿੱਚ ਦਿੱਤੇ ਗਏ ਬਿਓਰੇ ਨਾਲ ਹਮੇਸ਼ਾ ਕ੍ਰਾਸ ਚੈੱਕ ਕਰੋ। ਕੋਈ ਫ਼ਰਕ ਹੋਣ ਦੀ ਸਥਿਤੀ ਵਿੱਚ, ਤੁਰੰਤ ਆਪਣੇ ਬ੍ਰੋਕਰ ਨਾਲ ਸੰਪਰਕ ਕਰੋ।

**ਕਲਾਇੰਟ ਦੇ ਆਰਡਰ ਦਾ ਰਿਕਾਰਡ:**

ਸਟਾਕ ਬ੍ਰੋਕਰਸ ਲਈ ਸਿਰਫ਼ ਕਲਾਇੰਟਸ ਦੁਆਰਾ ਆਰਡਰ ਦੇਣ ਦਾ ਸਬੂਤ ਰੱਖਣ ਤੋਂ ਬਾਅਦ ਹੀ ਕਲਾਇੰਟ ਦੇ ਟ੍ਰੇਡਸ ਨੂੰ ਪੂਰਾ ਕਰਨਾ ਜ਼ਰੂਰੀ ਹੈ, ਜੋ, ਹੋਰ ਚੀਜ਼ਾਂ ਦੇ ਨਾਲ-ਨਾਲ, ਇਨ੍ਹਾਂ ਸਰੂਪਾਂ ਵਿੱਚ ਹੋ ਸਕਦਾ ਹੈ:

- ਕਲਾਇੰਟ ਵੱਲੋਂ ਲਿਖਤੀ ਅਤੇ ਦਸਤਖ਼ਤ ਕੀਤਾ ਭੌਤਿਕ ਰਿਕਾਰਡ,
- ਟੈਲੀਫ਼ੋਨ ਰਿਕਾਰਡਿੰਗ,
- ਅਧਿਕਾਰਤ ਈਮੇਲ ਆਈ.ਡੀ. ਤੋਂ ਈਮੇਲ,
- ਇੰਟਰਨੈੱਟ ਟ੍ਰਾਂਜ਼ੈਕਸ਼ਨਸ ਲਈ ਲੌਗ,
- ਮੋਬਾਈਲ ਫ਼ੋਨਸ ਦੇ ਜ਼ਰੀਏ ਸੁਨੇਹਿਆਂ ਦਾ ਰਿਕਾਰਡ,
- ਕਨੂੰਨੀ ਤੌਰ 'ਤੇ ਤਸਦੀਕ ਕਰਨ ਯੋਗ ਕੋਈ ਹੋਰ ਰਿਕਾਰਡ।



# ੧੯

## ਨਿਵੇਸ਼ਕਾਂ ਲਈ ਐੱਸ.ਐੱਮ.ਐੱਸ. ਅਤੇ ਈਮੇਲ ਅਲਰਟਸ

ਨਿਵੇਸ਼ਕ ਐੱਸ.ਐੱਮ.ਐੱਸ. ਅਤੇ ਈਮੇਲ ਅਲਰਟਸ ਦੀ ਸਹੂਲਤ ਦੀ ਚੋਣ ਕਰ ਸਕਦੇ ਹਨ ਜਿਸਦੇ ਜ਼ਰੀਏ ਉਨ੍ਹਾਂ ਦੇ ਟ੍ਰੇਡਿੰਗ ਅਤੇ ਡੀਮੈਟ ਅਕਾਉਂਟ ਵਿੱਚ ਕਿਸੇ ਵੀ ਟ੍ਰੇਡਿੰਗ/ ਲੈਣ-ਦੇਣ ਦੀ ਕਿਰਿਆ ਲਈ ਉਨ੍ਹਾਂ ਨੂੰ ਮੁਫ਼ਤ ਐੱਸ.ਐੱਮ.ਐੱਸ. ਅਤੇ ਈਮੇਲ ਅਲਰਟਸ ਪ੍ਰਾਪਤ ਹੋਣਗੇ। ਇਹ ਸਹੂਲਤ ਪ੍ਰਾਪਤ ਕਰਨ ਲਈ, ਨਿਵੇਸ਼ਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਸਟਾਕ ਬ੍ਰੋਕਰਸ ਅਤੇ ਡਿਪਾਜ਼ਿਟਰੀ ਪਾਰਟਿਸਿਪੈਂਟਸ ਨਾਲ ਉਨ੍ਹਾਂ ਦੇ ਮੋਬਾਈਲ ਨੰਬਰ ਅਤੇ ਈਮੇਲ ਆਈ.ਡੀ. ਸਾਂਝੇ ਅਤੇ ਨਿਯਮਿਤ ਤੌਰ 'ਤੇ ਅਪਡੇਟ ਕੀਤੇ ਜਾਂਦੇ ਹਨ।



# ੧੯

## ਰਨਿੰਗ ਅਕਾਉਂਟ ਓਥਰਾਇਜ਼ੇਸ਼ਨ

ਆਮ ਤਰੀਕੇ ਨਾਲ, ਕਿਸੇ ਬ੍ਰੋਕਰ ਦੁਆਰਾ ਕਿਸੇ ਲੈਣ-ਦੇਣ (ਖਰੀਦ/ਵਿਕਰੀ) ਦੀ ਸੈਟਲਮੈਂਟ ਰਕਮ / ਸਿਕਯੁਰਟੀਜ਼ ਦੇ ਪੇ-ਆਉਟ ਤੋਂ ਬਾਅਦ ੨੪ ਘੰਟਿਆਂ ਦੇ ਅੰਦਰ ਕੀਤੀ ਜਾਣੀ ਚਾਹੀਦੀ ਹੈ। ਹਾਲਾਂਕਿ, ਜੇਕਰ ਤੁਸੀਂ ਨਿਯਮਿਤ ਤੌਰ 'ਤੇ ਸਟਾਕ ਐਕਸਚੇਂਜ ਵਿੱਚ ਸ਼ੇਅਰਸ ਵਿੱਚ ਟ੍ਰੇਡ ਕਰਦੇ ਹੋ, ਤਾਂ ਤੁਸੀਂ ਸਟਾਕ ਬ੍ਰੋਕਰ ਨੂੰ ਇੱਕ ਰਨਿੰਗ ਅਕਾਉਂਟ ਕਾਇਮ ਰੱਖਣ ਲਈ ਖ਼ਾਸ ਤੌਰ 'ਤੇ ਅਧਿਕਾਰਤ ਕਰ ਸਕਦੇ ਹੋ ਜਿੱਥੇ ਤੁਹਾਡੇ ਸ਼ੇਅਰ ਜਾਂ ਰਕਮ, ਜੋ ਵੀ ਹੋਵੇ, ਸਟਾਕ ਬ੍ਰੋਕਰ ਕੋਲ ਇੱਕ ਵੱਖਰੇ ਅਕਾਉਂਟ ਵਿੱਚ ਰੱਖੇ ਜਾਣਗੇ।



ਰਨਿੰਗ ਅਕਾਉਂਟ ਸਿਕਯੁਰਟੀਜ਼ ਵਿੱਚ ਲੈਣ-ਦੇਣ ਕਰਨਾ ਸੌਖਾ ਬਣਾਉਂਦਾ ਹੈ ਜਿਸਦੇ ਜ਼ਰੀਏ ਸਟਾਕ ਬ੍ਰੋਕਰ ਕੋਲ ਰਨਿੰਗ ਅਕਾਉਂਟ ਵਿੱਚ ਰੱਖੇ ਸ਼ੇਅਰ ਜਾਂ ਰਕਮ ਭਵਿੱਖ ਵਿੱਚ ਲੈਣ-ਦੇਣ ਦੀਆਂ ਸੈਟਲਮੈਂਟ ਦੀਆਂ ਜ਼ਿੰਮੇਵਾਰੀਆਂ ਵੱਲ ਅਡਜਸਟ ਕੀਤੇ ਜਾਂਦੇ ਹਨ।

ਰਨਿੰਗ ਅਕਾਉਂਟ ਓਥਰਾਇਜ਼ੇਸ਼ਨ ਸਵੈਇੱਛਕ ਹੈ ਅਤੇ ਉਨ੍ਹਾਂ ਨਿਵੇਸ਼ਕਾਂ ਲਈ ਲਾਭਕਾਰੀ ਹੈ ਜੋ ਅਕਸਰ ਸਿਕਯੁਰਟੀਜ਼ ਖਰੀਦਦੇ ਅਤੇ ਵੇਚਦੇ ਹਨ। ਰਨਿੰਗ ਅਕਾਉਂਟ ਓਥਰਾਇਜ਼ੇਸ਼ਨ ਦੀ ਤਾਰੀਖ਼ ਹੋਵੇਗੀ ਅਤੇ ਕਿਸੇ ਵੀ ਸਮੇਂ ਰੱਦ ਹੋਣ ਯੋਗ ਹੋਵੇਗਾ। ਨਿਵੇਸ਼ਕਾਂ (ਕਲਾਇੰਟਸ) ਵੱਲੋਂ ਚੋਣ ਕੀਤੇ ਅਨੁਸਾਰ ੩੦ ਦਿਨਾਂ / ੯੦ ਦਿਨਾਂ ਵਿੱਚ ਘੱਟੋ-ਘੱਟ ਇੱਕ ਵਾਰੀ, ਬ੍ਰੋਕਰ ਦੁਆਰਾ ਰਕਮ ਅਤੇ ਸਿਕਯੁਰਟੀਜ਼ ਦੀ ਅਸਲ ਸੈਟਲਮੈਂਟ ਕੀਤੀ ਜਾਵੇਗੀ।

# ੨੦

## ਟ੍ਰੇਡ ਦੀ ਤਸਦੀਕ

ਐਕਸਚੇਂਜਾਂ ਦੀਆਂ ਵੈੱਬਸਾਈਟਾਂ 'ਤੇ ਟ੍ਰੇਡ ਦੀ ਤਸਦੀਕ ਦਾ ਮਾਡਿਊਲ ਤੁਹਾਡੇ ਅਕਾਉਂਟ ਵਿੱਚ ਪੂਰੇ ਕੀਤੇ ਗਏ ਟ੍ਰੇਡਸ ਦੀ ਤਸਦੀਕ ਕਰਨ ਦਾ ਬਹੁਤ ਸੌਖਾ ਟੂਲ ਹੈ। ਟ੍ਰੇਡਸ ਬਾਰੇ ਡੇਟਾ ਟੀ+੧ ਦਿਨ ਨੂੰ ਉਪਲਬਧ ਹੋਵੇਗਾ।



# ੨੧

## ਮਾਰਜਿਨ ਮਨੀ ਕੀ ਹੁੰਦੀ ਹੈ?

ਮਾਰਜਿਨ ਮਨੀ ਐਕਸਚੇਂਜਾਂ / ਕਲੀਅਰਿੰਗ ਕਾਰਪੋਰੇਸ਼ਨਸ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਹੈ ਅਤੇ ਨਿਵੇਸ਼ਕਾਂ ਵੱਲੋਂ ਟ੍ਰੇਡ ਪੂਰਾ ਕਰਨ ਤੋਂ ਪਹਿਲਾਂ ਬ੍ਰੋਕਰਸ ਦੁਆਰਾ ਉਨ੍ਹਾਂ ਤੋਂ ਲਿਆ ਜਾਂਦਾ ਹੈ। ਮਾਰਜਿਨ ਮਨੀ ਕਿਸੇ ਨਿਵੇਸ਼ਕ ਦੁਆਰਾ ਖਰੀਦਦਾਰੀ ਦੇ ਟ੍ਰੇਡਸ ਲਈ ਰਕਮ ਦੇ ਗੈਰ-ਭੁਗਤਾਨ ਜਾਂ ਵਿਕਰੀ ਦੇ ਟ੍ਰੇਡਸ ਲਈ ਸਿਕਯੁਰਟੀਜ਼ ਦੀ ਗੈਰ-ਡਿਲਿਵਰੀ ਦੇ ਜੋਖਮ ਨੂੰ ਘਟਾਉਣ ਲਈ ਲਿਆ ਜਾਂਦਾ ਹੈ। ਮਾਰਜਿਨ ਨਕਦ ਜਾਂ ਸਿਕਯੁਰਟੀਜ਼ ਜਾਂ ਨਕਦ ਦੇ ਬਰਾਬਰ ਸਰੂਪ ਵਿੱਚ ਪ੍ਰਦਾਨ ਕੀਤਾ ਜਾ ਸਕਦਾ ਹੈ ਯਾਨੀ ਫਿਕਸਡ ਡਿਪਾਜ਼ਿਟ, ਬੈਂਕ ਗਰੰਟੀ, ਮਿਊਚੁਅਲ ਫੰਡਸ ਦੇ ਯੂਨਿਟਸ, ਸਰਕਾਰੀ ਸਿਕਯੁਰਟੀਜ਼, ਅਤੇ ਡੀਮੈਟ ਸਰੂਪ ਵਿੱਚ ਟ੍ਰੇਜ਼ਰੀ ਬਿੱਲਜ਼ ਆਦਿ।



੧ ਸਤੰਬਰ, ੨੦੦੨ ਤੋਂ ਨਿਵੇਸ਼ਕ (ਕਲਾਇੰਟ) ਸਿਰਫ਼ ਸਟਾਕ ਬ੍ਰੋਕਰ ਦੇ ਨਿਰਧਾਰਿਤ ਡੀਮੈਟ ਅਕਾਉਂਟ ਦੇ ਹੱਕ ਵਿੱਚ ਸਿਕਯੁਰਟੀਜ਼ ਨੂੰ ਗਿਰਵੀ ਰੱਖ ਕੇ "ਸਿਕਯੁਰਟੀਜ਼" ਦੇ ਰੂਪ ਵਿੱਚ ਮਾਰਜਿਨ ਪ੍ਰਦਾਨ ਕਰ ਸਕਦੇ ਹਨ।

ਅਰਲੀ ਪੇ-ਇਨ: ਜੇਕਰ ਨਿਵੇਸ਼ਕ ਮਾਰਜਿਨ ਦੇ ਭੁਗਤਾਨ ਤੋਂ ਛੋਟ ਲੈਣਾ ਚਾਹੁੰਦਾ ਹੈ, ਤਾਂ ਨਿਵੇਸ਼ਕ "ਅਰਲੀ ਪੇ-ਇਨ" ਸਹੂਲਤ ਦੀ ਵਰਤੋਂ ਕਰ ਸਕਦਾ ਹੈ ਜਿੱਥੇ ਬ੍ਰੋਕਰ ਨੂੰ ਪੇ-ਇਨ ਦੀ ਤਾਰੀਖ਼ ਤੋਂ ਪਹਿਲਾਂ ਜਾਂ ਬ੍ਰੋਕਰ ਦੁਆਰਾ ਨਿਰਧਾਰਿਤ ਸਮੇਂ/ਤਾਰੀਖ਼ ਦੇ ਮੁਤਾਬਕ ਰਕਮ ਦਾ ਭੁਗਤਾਨ / ਸ਼ੇਅਰਸ ਦੀ ਡਿਲਿਵਰੀ ਕੀਤੀ ਜਾਵੇਗੀ।

# ੨੨

## ਸਟਾਕ ਬ੍ਰੋਕਰ ਅਤੇ ਡਿਪਾਜ਼ਿਟਰੀ ਪਾਰਟਿਸਿਪੈਂਟਸ ਤੋਂ ਸਟੇਟਮੈਂਟ ਆਫ਼ ਅਕਾਉਂਟ

ਤੁਹਾਨੂੰ ਆਪਣੇ ਦੁਆਰਾ ਕੀਤੇ ਗਏ ਲੈਣ-ਦੇਣ ਦੇ ਸੰਬੰਧ ਵਿੱਚ ਬ੍ਰੋਕਰਸ ਅਤੇ ਡਿਪਾਜ਼ਿਟਰੀਜ਼ ਤੋਂ ਨਿਯਮਿਤ ਤੌਰ 'ਤੇ ਅਜਿਹੀਆਂ ਰਿਪੋਰਟਸ, ਮੁਫ਼ਤ, ਪ੍ਰਾਪਤ ਕਰਨ ਦਾ ਹੱਕ ਹੈ ਜਿਵੇਂ ਮਹੀਨੇਵਾਰ ਰਿਪੋਰਟ, ਤਿਮਾਹੀ ਰਿਪੋਰਟ, ਆਦਿ। ਡਿਪਾਜ਼ਿਟਰੀਜ਼ ਅਤੇ ਸਟਾਕ ਐਕਸਚੇਂਜਾਂ, ਤੁਹਾਡੇ ਅਕਾਉਂਟਸ ਵਿੱਚ ਲੈਣ-ਦੇਣ ਬਾਰੇ ਤੁਹਾਡੇ ਰਜਿਸਟਰਡ ਮੋਬਾਈਲ ਨੰਬਰ ਜਾਂ ਈਮੇਲ ਆਈ.ਡੀ. 'ਤੇ ਤੁਹਾਨੂੰ ਜਾਣਕਾਰੀ ਦੇਣਗੀਆਂ।



ਜੇਕਰ ਤੁਸੀਂ ਸੁਨੇਹਾ ਨਹੀਂ ਸਮਝਦੇ, ਤਾਂ ਬੈਂਕ, ਡਿਪਾਜ਼ਿਟਰੀ, ਡਿਪਾਜ਼ਿਟਰੀ ਪਾਰਟਿਸਿਪੈਂਟ, ਆਪਣੀ ਸਟਾਕ ਐਕਸਚੇਂਜ, ਬ੍ਰੋਕਰ ਨਾਲ ਮਾਮਲੇ ਨੂੰ ਸਪਸ਼ਟ ਕਰੋ, ਜਾਂ ਮਾਰਗ ਦਰਸ਼ਨ ਲਈ ਸੇਬੀ ਦੀ ਟੋਲ-ਫ੍ਰੀ ਹੈਲਪਲਾਈਨ 'ਤੇ ਕਾਲ ਕਰੋ। ਇੰਟਰਮੀਡੀਅਰੀਜ਼ ਕੋਲ ਆਪਣਾ ਸੰਪਰਕ ਬਿਓਰਾ ਹਮੇਸ਼ਾ ਅਪਡੇਟ ਰੱਖੋ ਤਾਂ ਜੋ ਤੁਸੀਂ ਸਮੇਂ ਸਿਰ ਅਲਰਟਸ ਅਤੇ ਅਕਾਉਂਟ ਸਟੇਟਮੈਂਟਸ ਪ੍ਰਾਪਤ ਕਰ ਸਕੋ। ਜੇਕਰ ਤੁਹਾਨੂੰ ਅਜਿਹੀ ਰਿਪੋਰਟ ਪ੍ਰਾਪਤ ਨਹੀਂ ਹੁੰਦੀ, ਤਾਂ ਤੁਹਾਨੂੰ ਸੰਬੰਧਿਤ ਸੰਸਥਾਵਾਂ ਨਾਲ ਇਸ ਮਾਮਲੇ ਬਾਰੇ ਗੱਲ ਕਰਨੀ ਚਾਹੀਦੀ ਹੈ।

ਤੁਹਾਨੂੰ ਆਪਣੇ ਸਟਾਕ ਬ੍ਰੋਕਰ ਤੋਂ ਹਰ ਸਾਲ ੩੧ ਮਾਰਚ ਤੱਕ ਬਕਾਇਆ ਰਕਮ ਅਤੇ ਸਿਕਯੁਰਟੀਜ਼ ਦੀ ਸਟੇਟਮੈਂਟ ਪ੍ਰਾਪਤ ਕਰਨ ਦਾ ਹੱਕ ਹੈ।

# ੨੩

**ਕਨਸਾਲਿਡੇਟਿਡ ਅਕਾਊਂਟ ਸਟੇਟਮੈਂਟ (ਸੀ.ਏ.ਐੱਸ.)**

ਕਨਸਾਲਿਡੇਟਿਡ ਅਕਾਊਂਟ ਸਟੇਟਮੈਂਟ (ਸੀ.ਏ.ਐੱਸ.) ਇੱਕ ਏਕਲ/ ਸੰਯੁਕਤ ਅਕਾਊਂਟ ਸਟੇਟਮੈਂਟ ਹੁੰਦੀ ਹੈ ਜੋ ਕਿਸੇ ਨਿਵੇਸ਼ਕ ਦੁਆਰਾ ਮਹੀਨੇ ਦੇ ਦੌਰਾਨ ਸਾਰੇ ਮਿਊਚੁਅਲ ਫੰਡਸ ਦੇ ਨਾਲ-ਨਾਲ ਡੀਮੈਂਟ ਅਕਾਉਂਟ(ਅਕਾਉਂਟਾਂ) ਵਿੱਚ ਰੱਖੀਆਂ ਹੋਰ ਸਿਕਯੁਰਟੀਜ਼ ਵਿੱਚ ਕੀਤੇ ਗਏ ਲੈਣ-ਦੇਣ ਦਾ ਬਿਓਰਾ ਵਿਖਾਉਂਦੀ ਹੈ। ਆਪਣੀ ਸੀ.ਏ.ਐੱਸ. ਪ੍ਰਾਪਤ ਕਰਨ ਲਈ, ਤੁਹਾਨੂੰ ਆਪਣੇ ਸਟਾਕ ਬ੍ਰੋਕਰ/ ਡਿਪਾਜ਼ਿਟਰੀ ਪਾਰਟਿਸਿਪੈਂਟ ਕੋਲ ਆਪਣਾ ਪੈਨ ਕਾਰਡ ਨੰਬਰ ਅਪਡੇਟ ਕਰਨਾ ਪਵੇਗਾ।



# ੨੪

**ਡੈਰੀਵੇਟਿਵਜ਼ ਮਾਰਕਿਟ**

ਡੈਰੀਵੇਟਿਵਜ਼ ਉਨ੍ਹਾਂ ਵਿੱਤੀ ਇੰਸਟ੍ਰੂਮੈਂਟਸ ਨੂੰ ਦਰਸਾਉਂਦਾ ਹੈ ਜੋ ਕਿਸੇ ਬੁਨਿਆਦੀ ਸਿਕਯੁਰਟੀ ਜਾਂ ਵਿੱਤੀ ਇੰਸਟ੍ਰੂਮੈਂਟ ਤੋਂ ਆਪਣਾ ਮੁੱਲ ਪ੍ਰਾਪਤ ਕਰਦੇ ਹਨ। ਬੁਨਿਆਦੀ ਉਤਪਾਦ ਇਕਵਿਟੀ, ਕਮੋਡਿਟੀ, ਕਰੰਸੀ, ਆਦਿ ਹੋ ਸਕਦੇ ਹਨ।

ਡੈਰੀਵੇਟਿਵਜ਼ ਮੁੱਖ ਤੌਰ ’ਤੇ ਨਿਵੇਸ਼ਕਾਂ ਦੁਆਰਾ ਆਪਣੀ ਪੋਜ਼ਿਸ਼ਨ ਨੂੰ ਹੇਜ ਕਰਨ ਅਤੇ ਕੀਮਤ ਦੇ ਜੋਖਮ ਨੂੰ ਘਟਾਉਣ ਲਈ ਵਰਤੇ ਜਾਂਦੇ ਹਨ। ਅਸਲ ਵਿੱਚ ਹੈਜਿੰਗ ਇੱਕ ਜੋਖਮ ਪ੍ਰਬੰਧਨ ਰਣਨੀਤੀ ਹੈ ਜਿਸ ਵਿੱਚ ਨਿਵੇਸ਼ਕ ਕੀਮਤ ਵਿੱਚ ਕਿਸੇ ਵੀ ਪ੍ਰਤਿਕੂਲ ਬਦਲਾਅ ਦੇ ਜੋਖਮ ਤੋਂ ਬਚਣ ਲਈ ਰਣਨੀਤਕ ਤਰੀਕੇ ਨਾਲ ਇੰਸਟ੍ਰੂਮੈਂਟਸ ਵਿੱਚ ਨਿਵੇਸ਼ ਕਰਦੇ ਹਨ।



ਡੈਰੀਵੇਟਿਵਜ਼ ਵਿੱਚ ਕਾਰੋਬਾਰ ਕਰਨ ਵਾਲੇ ਲੋਕ ਹੈਜਰਸ, ਸਪੈਕੁਲੇਟਰਸ ਅਤੇ ਆਰਬਿਟ੍ਰੇਗਰਸ ਹੋ ਸਕਦੇ ਹਨ ਅਤੇ ਵੱਖੋ-ਵੱਖ ਸਥਿਤੀਆਂ ਵਿੱਚ ਵੱਖੋ-ਵੱਖ ਭੂਮਿਕਾਵਾਂ ਨਿਭਾ ਸਕਦੇ ਹਨ।

ਫਿਊਚਰਸ ਅਤੇ ਆਪਸ਼ਨਸ, ਜਾਂ ਆਮ ਤੌਰ ’ਤੇ ਜਿਸਨੂੰ ਐੱਫ਼. ਐਂਡ ਓ. ਸੇਗਮੈਂਟ ਕਿਹਾ ਜਾਂਦਾ ਹੈ, ਸ਼ੇਅਰ ਮਾਰਕਿਟ ਦੇ ਡੈਰੀਵੇਟਿਵਜ਼ ਸੇਗਮੈਂਟ ਦਾ ਇੱਕ ਜ਼ਰੂਰੀ ਹਿੱਸਾ ਹਨ। ਫਿਊਚਰਸ ਅਤੇ ਆਪਸ਼ਨਸ ਡੈਰੀਵੇਟਿਵਜ਼ ਦੀਆਂ ਦੋ ਵੱਖਰੀਆਂ ਕਿਸਮਾਂ ਹਨ।

ਫਿਊਚਰਸ ਕਾਨਟ੍ਰੈਕਟ ਭਵਿੱਖ ਵਿੱਚ ਕਿਸੇ ਤਾਰੀਖ਼ ਨੂੰ ਕਿਸੇ ਪੂਰਵ-ਨਿਰਧਾਰਿਤ ਕੀਮਤ ’ਤੇ ਕੋਈ ਬੁਨਿਆਦੀ ਉਤਪਾਦ ਖਰੀਦਣ ਜਾਂ ਵੇਚਣ ਲਈ ਇੱਕ ਮਾਨਕੀਕ੍ਰਿਤ ਐਕਸਚੇਂਜ ਟ੍ਰੇਡਿਡ ਕਾਨਟ੍ਰੈਕਟ ਹੁੰਦਾ ਹੈ।

ਆਪਸ਼ਨਸ ਕਾਨਟ੍ਰੈਕਟ ਅਜਿਹੇ ਵਿੱਤੀ ਇੰਸਟ੍ਰੂਮੈਂਟ ਨੂੰ ਦਰਸਾਉਂਦਾ ਹੈ ਜੋ ਆਪਸ਼ਨ ਦੇ ਖਰੀਦਦਾਰ ਨੂੰ ਕਿਸੇ ਪੂਰਵ-ਨਿਰਧਾਰਿਤ ਤਾਰੀਖ਼ ਅਤੇ ਕੀਮਤ ’ਤੇ ਆਪਸ਼ਨ ਨੂੰ ਪੂਰਾ ਕਰਨ ਦਾ ਹੱਕ ਦਿੰਦਾ ਹੈ ਪਰ ਜ਼ਿੰਮੇਵਾਰੀ ਨਹੀਂ ਦਿੰਦਾ। ਕਾਲ ਆਪਸ਼ਨ ਕਿਸੇ ਵਿਅਕਤੀ ਨੂੰ ਬੁਨਿਆਦੀ ਸਿਕਯੁਰਟੀ ਨੂੰ ਖਰੀਦਣ ਅਤੇ ਪੁੱਟ ਆਪਸ਼ਨ ਕਿਸੇ ਵਿਅਕਤੀ ਨੂੰ ਬੁਨਿਆਦੀ ਸਿਕਯੁਰਟੀ ਨੂੰ ਵੇਚਣ ਦਾ ਹੱਕ ਦਿੰਦਾ ਹੈ। ਜਦੋਂ ਨਿਵੇਸ਼ਕ ਆਪਸ਼ਨਸ ਕਾਨਟ੍ਰੈਕਟ ਖਰੀਦਦੇ ਹਨ ਓਦੋਂ ਉਨ੍ਹਾਂ ਤੋਂ ਪ੍ਰੀਮੀਅਮ ਵਸੂਲਿਆ ਜਾਂਦਾ ਹੈ।

ਕਿਰਪਾ ਕਰਕੇ ਨੋਟ ਕਰੋ ਕਿ ਡੈਰੀਵੇਟਿਵਜ਼ ਵੱਧ ਜੋਖਮ ਵਾਲੇ ਉਤਪਾਦ ਹੁੰਦੇ ਹਨ ਅਤੇ ਮੁੱਖ ਤੌਰ ’ਤੇ ਹੈਜਿੰਗ ਦੇ ਉਦੇਸ਼ ਲਈ ਵਰਤੇ ਜਾਂਦੇ ਹਨ। ਰਿਟੇਲ ਨਿਵੇਸ਼ਕਾਂ ਲਈ ਇਨ੍ਹਾਂ ਦੀ ਸਿਫ਼ਾਰਸ਼ ਨਹੀਂ ਕੀਤੀ ਜਾਂਦੀ।

## ਮਿਉਚੁਅਲ ਫੰਡਸ ਅਤੇ ਈ.ਟੀ.ਐੱਫ਼.

# ੨੫

### ਮਿਉਚੁਅਲ ਫੰਡਸ

ਇੱਕ ਮਿਉਚੁਅਲ ਫੰਡ ਕਈ ਨਿਵੇਸ਼ਕਾਂ ਤੋਂ ਰਕਮ ਇਕੱਠੀ ਕਰਦਾ ਹੈ ਅਤੇ ਸਟਾਕਸ, ਬਾਂਡਸ, ਸ਼ਾਰਟ-ਟਰਮ ਮਨੀ-ਮਾਰਕਿਟ ਇੰਸਟ੍ਰੂਮੈਂਟਸ, ਹੋਰ ਸਿਕਯੁਰਟੀਜ਼ ਜਾਂ ਸੰਪੱਤੀਆਂ, ਜਾਂ ਇਨ੍ਹਾਂ ਨਿਵੇਸ਼ਾਂ ਦੇ ਕੁਝ ਮੇਲ ਵਿੱਚ ਉਸ ਰਕਮ ਨੂੰ ਨਿਵੇਸ਼ ਕਰਦਾ ਹੈ। ਕੋਈ ਵੀ ਸਕੀਮ ਸ਼ੁਰੂ ਕਰਨ ਤੋਂ ਪਹਿਲਾਂ ਸਭ ਮਿਉਚੁਅਲ ਫੰਡਸ ਲਈ ਸੇਬੀ ਵਿੱਚ ਰਜਿਸਟਰਡ ਹੋਣਾ ਜ਼ਰੂਰੀ ਹੈ। ਮਿਉਚੁਅਲ ਫੰਡ ਸਕੀਮ ਦੇ ਉਦੇਸ਼ਾਂ ਦੇ ਅਧਾਰ ’ਤੇ ਮਿਉਚੁਅਲ ਫੰਡਸ ਨੂੰ ਵੱਖੋ-ਵੱਖ ਸ਼੍ਰੇਣੀਆਂ ਵਿੱਚ ਵੰਡਿਆ ਵੀ ਜਾ ਸਕਦਾ ਹੈ। ਇਹ ਸਕੀਮਾਂ ਵੱਖੋ-ਵੱਖ ਕਿਸਮਾਂ ਦੇ ਨਿਵੇਸ਼ਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖ ਕੇ ਡਿਜ਼ਾਈਨ ਕੀਤੀਆਂ ਗਈਆਂ ਹਨ - ਜੋਖਮ ਤੋਂ ਬਚਣ ਵਾਲੇ ਨਿਵੇਸ਼ਕ (ਅਸਲ ਵਿੱਚ ਇੱਕ ਘੱਟ ਜੋਖਮ ਲੈਣ ਵਾਲਾ ਨਿਵੇਸ਼ਕ ਜੋ ਵਧੇਰੇ ਜੋਖਮ ਨਹੀਂ ਲੈਣਾ ਚਾਹੁੰਦਾ), ਦਰਮਿਆਨੇ ਨਿਵੇਸ਼ਕ (ਉਹ ਨਿਵੇਸ਼ਕ ਜੋ ਥੋੜ੍ਹਾ ਜਿਹਾ ਜੋਖਮ ਲੈ ਸਕਦੇ ਹਨ) ਅਤੇ ਵਧੇਰੇ ਜੋਖਮ ਲੈਣ ਵਾਲੇ ਨਿਵੇਸ਼ਕ (ਉਹ ਨਿਵੇਸ਼ਕ ਜੋ ਜ਼ਿਆਦਾ ਰਿਟਰਨਸ ਦੀ ਭਾਲ ਵਿੱਚ ਵਧੇਰੇ ਜੋਖਮ ਲੈਣ ਲਈ ਤਿਆਰ ਹਨ)।



ਮਿਉਚੁਅਲ ਫੰਡਸ ਦਾ ਵਰਗੀਕਰਣ: ਹੁਣ ਮਿਉਚੁਅਲ ਫੰਡਸ ਹੇਠਾਂ ਦੱਸੀਆਂ ਗਈਆਂ ਪੰਜ ਕਿਸਮਾਂ ਦੀਆਂ ਸਕੀਮਾਂ ਵਿੱਚ ਵਿਆਪਕ ਤੌਰ ’ਤੇ ਵਰਗੀਕ੍ਰਿਤ ਕੀਤੇ ਜਾਂਦੇ ਹਨ:

- **ਇਕਵਿਟੀ ਸਕੀਮਾਂ:** ਮਿਉਚੁਅਲ ਫੰਡਸ ਜੋ ਮੁੱਖ ਤੌਰ ’ਤੇ ਸਟਾਕਸ/ ਇਕਵਿਟੀਜ਼ ਵਿੱਚ ਨਿਵੇਸ਼ ਕਰਦੇ ਹਨ।
- **ਡੈਟ ਸਕੀਮਾਂ:** ਮਿਉਚੁਅਲ ਫੰਡਸ ਜੋ ਮੁੱਖ ਤੌਰ ’ਤੇ ਬਾਂਡਸ ਅਤੇ ਟ੍ਰੇਜ਼ਰੀ ਬਿੱਲਜ਼ ਜਿਹੀਆਂ ਫਿਕਸਡ ਇਨਕਮ ਸਿਕਯੁਰਟੀਜ਼ ਵਿੱਚ ਨਿਵੇਸ਼ ਕਰਦੇ ਹਨ।
- **ਹਾਈਬ੍ਰਿਡ ਸਕੀਮਾਂ:** ਮਿਉਚੁਅਲ ਫੰਡਸ ਜੋ ਦੋ ਜਾਂ ਵੱਧ ਐਸੇਟ ਕਲਾਸਾਂ ਵਿੱਚ ਨਿਵੇਸ਼ ਕਰਦੇ ਹਨ ਜਿਵੇਂ ਇਕਵਿਟੀਜ਼, ਫਿਕਸਡ ਇਨਕਮ, ਕੈਸ਼, ਆਦਿ।
- **ਸਮਾਧਾਨਾਂ ’ਤੇ ਕੇਂਦ੍ਰਿਤ ਸਕੀਮਾਂ:** ਮਿਉਚੁਅਲ ਫੰਡ ਸਕੀਮਾਂ ਜੋ ਵਿਅਕਤੀਆਂ ਦੇ ਟੀਚਿਆਂ, ਜਿਵੇਂ ਰਿਟਾਇਰਮੈਂਟ ਅਤੇ ਚਾਈਲਡ ਪਲਾਨਿੰਗ, ਆਦਿ, ਦੇ ਮੁਤਾਬਕ ਆਪਣਾ ਨਿਵੇਸ਼ ਕਰਦੀਆਂ ਹਨ।
- **ਹੋਰ ਸਕੀਮਾਂ:** ਹੋਰ ਸਾਰੀਆਂ ਸਕੀਮਾਂ ਜਿਵੇਂ ਇੰਡੈਕਸ ਫੰਡਸ, ਸੈਕਟਰਲ ਫੰਡਸ, ਆਦਿ।

# ੨੬

## ਮਿਊਚੁਅਲ ਫੰਡਸ ਵਿੱਚ ਨਿਵੇਸ਼ ਕਿਵੇਂ ਕੀਤਾ ਜਾਵੇ?

ਆਮ ਤੌਰ ’ਤੇ ਮਿਊਚੁਅਲ ਫੰਡਸ ਅਖ਼ਬਾਰਾਂ ਵਿੱਚ ਇਸ਼ਤਿਹਾਰ ਦਿੰਦੇ ਹਨ ਜਿਨ੍ਹਾਂ ਵਿੱਚ ਨਵੀਆਂ ਸਕੀਮਾਂ ਸ਼ੁਰੂ ਹੋਣ ਦੀ ਤਾਰੀਖ਼ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਜ਼ਰੂਰੀ ਜਾਣਕਾਰੀ ਅਤੇ ਅਰਜ਼ੀ ਫ਼ਾਰਮਾਂ ਲਈ ਨਿਵੇਸ਼ਕ ਮਿਊਚੁਅਲ ਫੰਡਸ ਦੇ ਏਜੰਟਾਂ ਅਤੇ ਡਿਸਟ੍ਰਿਬਿਊਟਰਾਂ ਨਾਲ ਵੀ ਸੰਪਰਕ ਕਰ ਸਕਦੇ ਹਨ, ਜੋ ਪੂਰੇ ਦੇਸ਼ ਵਿੱਚ ਮੌਜੂਦ ਹਨ। ਮਿਊਚੁਅਲ ਫੰਡਸ ਵਿੱਚ ਨਿਵੇਸ਼ ਕਰਦੇ ਹੋਏ, ਨਿਵੇਸ਼ਕਾਂ ਨੂੰ ਪਹਿਲਾਂ ਆਪਣੀ ਕੇ.ਵਾਈ.ਸੀ. ਪ੍ਰਕਿਰਿਆ ਪੂਰੀ ਕਰਨੀ ਪਵੇਗੀ। ਇੱਕ ਨਿਵੇਸ਼ਕ, ਫੰਡ ਦੀ ਸ਼ਾਖਾ ਵਿੱਚ ਜਾਂ ਰਜਿਸਟ੍ਰਾਰ ਦੇ ਦਫ਼ਤਰ ਵਿੱਚ ਭੌਤਿਕ ਕੇ.ਵਾਈ.ਸੀ. ਕਰ ਸਕਦਾ ਹੈ। ਵਿਕਲਪਕ ਤੌਰ ’ਤੇ, ਕੋਈ ਵਿਅਕਤੀ ਆਪਣੇ ਆਧਾਰ ਕਾਰਡ ਅਤੇ ਆਪਣੇ ਪੈਨ ਕਾਰਡ ਨੰਬਰ ਦੀ ਵਰਤੋਂ ਕਰ ਕੇ ਈ.-ਕੇ.ਵਾਈ.ਸੀ. ਵੀ ਕਰ ਸਕਦਾ ਹੈ।

ਕੇ.ਵਾਈ.ਸੀ. ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ, ਨਿਵੇਸ਼ਕ ਨੂੰ ਇਸ ਬਾਰੇ ਫੈਸਲਾ ਕਰਨਾ ਪਵੇਗਾ ਕਿ ਉਹ ਕਿਸ ਸਕੀਮ ਵਿੱਚ ਨਿਵੇਸ਼ ਕਰਨਾ ਚਾਹੁੰਦਾ ਹੈ। ਇਹ ਫੈਸਲਾ ਜੋਖਮ ਲੈਣ ਦੀ ਸਮਰੱਥਾ ਅਤੇ ਵਿੱਤੀ ਟੀਚਿਆਂ ’ਤੇ ਅਧਾਰਤ ਹੁੰਦਾ ਹੈ। ਮਿਊਚੁਅਲ ਫੰਡ ਦੀ ਸਕੀਮ ਦੀ ਚੋਣ ਕਰਨ ’ਤੇ, ਉਨ੍ਹਾਂ ਸੰਬੰਧਿਤ ਸਕੀਮਾਂ ਵਿੱਚ ਨਿਵੇਸ਼ ਕਰਨ ਲਈ ਨਿਵੇਸ਼ਕ ਨੂੰ ਜ਼ਰੂਰੀ ਅਰਜ਼ੀ ਫ਼ਾਰਮ ਭਰਨੇ ਪੈਣਗੇ। ਇਹ ਫ਼ਾਰਮ ਅਜਿਹੀਆਂ ਸੇਵਾਵਾਂ ਪ੍ਰਦਾਨ ਕਰਨ ਵਾਲੇ ਏਜੰਟਾਂ ਅਤੇ ਡਿਸਟ੍ਰਿਬਿਊਟਰਾਂ ਦੇ ਜ਼ਰੀਏ ਜਾਂ ਸਿੱਧੇ ਮਿਊਚੁਅਲ ਫੰਡਸ ਵਿੱਚ ਜਮ੍ਹਾਂ ਕੀਤੇ ਜਾ ਸਕਦੇ ਹਨ। ਅਰਜ਼ੀ ਫ਼ਾਰਮ ਭਰਦੇ ਹੋਏ, ਇੱਕ ਨਿਵੇਸ਼ਕ ਨੂੰ ਸਾਫ਼-ਸਾਫ਼ ਆਪਣਾ ਨਾਂ, ਪਤਾ, ਯੂਨਿਟਸ ਦੀ ਸੰਖਿਆ ਜਿਨ੍ਹਾਂ ਲਈ ਅਰਜ਼ੀ ਦਿੱਤੀ ਗਈ ਹੈ ਅਤੇ ਅਰਜ਼ੀ ਫਾਰਮ ਵਿੱਚ ਲੋੜੀਂਦੀ ਅਜਿਹੀ ਹੋਰ ਜਾਣਕਾਰੀ ਮੁਹੱਈਆ ਕਰਨੀ ਪਵੇਗੀ। ਉਸਨੂੰ ਆਪਣਾ ਬੈਂਕ ਅਕਾਊਂਟ ਨੰਬਰ ਦੇਣਾ ਪਵੇਗਾ ਤਾਂ ਜੋ ਉਹ ਡਿਵਿਡੈਂਡ ਜਾਂ ਮੁੜ-ਖਰੀਦ ਦੇ ਉਦੇਸ਼ ਲਈ ਮਿਊਚੁਅਲ ਫੰਡ ਦੁਆਰਾ ਬਾਅਦ ਦੀ ਕਿਸੇ ਤਾਰੀਖ਼ ਨੂੰ ਜਾਰੀ ਕੀਤੇ ਜਾਣ ਵਾਲੇ ਕਿਸੇ ਚੈੱਕ/ ਡ੍ਰਾਫ਼ਟ ਨੂੰ ਧੋਖੇਬਾਜ਼ੀ ਨਾਲ ਕੈਸ਼ ਕਰਵਾਏ ਜਾਣ ਤੋਂ ਬਚ ਸਕੇ। ਬਾਅਦ ਦੀ ਕਿਸੇ ਤਾਰੀਖ਼ ਨੂੰ ਉਸਦੇ ਪਤੇ, ਬੈਂਕ ਅਕਾਊਂਟ ਨੰਬਰ, ਆਦਿ ਵਿੱਚ ਕਿਸੇ ਵੀ ਬਦਲਾਅ ਬਾਰੇ ਤੁਰੰਤ ਮਿਊਚੁਅਲ ਫੰਡ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਨਿਵੇਸ਼ਕਾਂ ਲਈ ਨਿਵੇਸ਼ ਦੀ ਪ੍ਰਕਿਰਿਆ ਨੂੰ ਹੋਰ ਸੌਖਾ ਕਰਨ ਲਈ, ਇਕਮੁਸ਼ਤ ਨਿਵੇਸ਼ ਤੋਂ ਇਲਾਵਾ ਮਿਊਚੁਅਲ ਫੰਡਸ ਇਹ ਵਿਕਲਪ ਪੇਸ਼ ਕਰਦੇ ਹਨ:

- **ਸਿਸਟਮੈਟਿਕ ਇਨਵੈਸਟਮੈਂਟ ਪਲਾਨਸ:** ਨਿਯਮਿਤ ਅੰਤਰਾਲਾਂ ’ਤੇ ਕਿਸੇ ਖ਼ਾਸ ਸਕੀਮ ਵਿੱਚ ਨਿਸ਼ਚਿਤ ਰਕਮ ਨਿਵੇਸ਼ ਕਰਨ ਦੀ ਸਹੂਲਤ।
- **ਸਿਸਟਮੈਟਿਕ ਵਿਦਡ੍ਰੌਅਲ ਪਲਾਨਸ:** ਨਿਯਮਿਤ ਅੰਤਰਾਲਾਂ ’ਤੇ ਕਿਸੇ ਖ਼ਾਸ ਸਕੀਮ ਵਿੱਚੋਂ ਨਿਸ਼ਚਿਤ ਰਕਮ ਕੱਢਣ ਦੀ ਸਹੂਲਤ।
- **ਸਿਸਟਮੈਟਿਕ ਟ੍ਰਾਂਸਫਰ ਪਲਾਨਸ:** ਨਿਯਮਿਤ ਅੰਤਰਾਲਾਂ ’ਤੇ ਇੱਕ ਸਕੀਮ ਵਿੱਚੋਂ ਕਿਸੇ ਹੋਰ ਸਕੀਮ ਵਿੱਚ ਰਕਮ ਟ੍ਰਾਂਸਫਰ ਕਰਨ ਦੀ ਸਹੂਲਤ।

# ੨੭

## ਮਿਉਚੁਅਲ ਫੰਡਸ ਵਿੱਚ ਉਤਪਾਦ ਲੇਬਲਿੰਗ

ਸੇਬੀ ਦੇ ਦਿਸ਼ਾਨਿਰਦੇਸ਼ਾਂ ਦੇ ਮੁਤਾਬਕ, ਮਿਉਚੁਅਲ ਫੰਡ ਦੀਆਂ ਸਕੀਮਾਂ ਨੂੰ ਉਨ੍ਹਾਂ ਵਿੱਚ ਸ਼ਾਮਲ ਜੋਖਮ ਦੇ ਪੱਧਰ ਦੇ ਮੁਤਾਬਕ ਲੇਬਲ ਕੀਤਾ ਜਾਣਾ ਚਾਹੀਦਾ ਹੈ ਅਤੇ ਰਿਸਕ-ਓ-ਮੀਟਰ ’ਤੇ ਉਹ ਦਰਸਾਇਆ ਜਾਣਾ ਚਾਹੀਦਾ ਹੈ। ਜੋਖਮ ਦੇ ਵੱਖੋ-ਵੱਖ ਲੇਬਲਾਂ ਨਾਲ ਰਿਸਕ-ਓ-ਮੀਟਰ ਹੇਠਾਂ ਦਰਸਾਇਆ ਗਿਆ ਹੈ:



- ਘੱਟ: ਘੱਟ ਜੋਖਮ 'ਤੇ ਮੂਲ ਰਕਮ
- ਘੱਟ ਤੋਂ ਦਰਮਿਆਨਾ: ਦਰਮਿਆਨੇ ਘੱਟ ਜੋਖਮ 'ਤੇ ਮੂਲ ਰਕਮ
- ਦਰਮਿਆਨਾ: ਦਰਮਿਆਨੇ ਜੋਖਮ 'ਤੇ ਮੂਲ ਰਕਮ
- ਦਰਮਿਆਨਾ ਜ਼ਿਆਦਾ: ਦਰਮਿਆਨੇ ਜ਼ਿਆਦਾ ਜੋਖਮ 'ਤੇ ਮੂਲ ਰਕਮ
- ਜ਼ਿਆਦਾ: ਜ਼ਿਆਦਾ ਜੋਖਮ 'ਤੇ ਮੂਲ ਰਕਮ
- ਬਹੁਤ ਜ਼ਿਆਦਾ: ਬਹੁਤ ਜ਼ਿਆਦਾ ਜੋਖਮ 'ਤੇ ਮੂਲ ਰਕਮ

- ਇੱਕ ਮਾਸਿਕ ਅਧਾਰ 'ਤੇ ਰਿਸਕ-ਓ-ਮੀਟਰ ਦਾ ਮੁਲਾਂਕਣ ਕੀਤਾ ਜਾਂਦਾ ਹੈ।

- ਮਿਊਚੁਅਲ ਫੰਡਸ/ਏ.ਐੱਮ.ਸੀ. ਹਰ ਮਹੀਨਾ ਖ਼ਤਮ ਹੋਣ ਤੋਂ ਬਾਅਦ ੧੦ ਦਿਨਾਂ ਦੇ ਅੰਦਰ ਆਪਣੀਆਂ ਸੰਬੰਧਿਤ ਵੈੱਬਸਾਈਟਾਂ 'ਤੇ ਅਤੇ ਏ.ਐੱਮ.ਐੱਫ਼.ਆਈ. ਦੀ ਵੈੱਬਸਾਈਟ 'ਤੇ ਆਪਣੀਆਂ ਸਾਰੀਆਂ ਸਕੀਮਾਂ ਦੇ ਪੋਰਟਫੋਲੀਓ ਦੇ ਖੁਲਾਸੇ ਦੇ ਨਾਲ ਰਿਸਕ-ਓ-ਮੀਟਰ ਦਾ ਖੁਲਾਸਾ ਕਰਨਗੀਆਂ।

ਨਿਵੇਸ਼ਕਾਂ ਨੂੰ ਕਿਸੇ ਖ਼ਾਸ ਸਕੀਮ ਵਿੱਚ ਨਿਵੇਸ਼ ਕਰਨ ਲਈ ਏਜੰਟਾਂ/ਡਿਸਟ੍ਰਿਬਿਊਟਰਾਂ ਵੱਲੋਂ ਦਿੱਤੇ ਜਾਣ ਵਾਲੇ ਕਮੀਸ਼ਨ/ਤੋਹਫ਼ਿਆਂ ਵੱਲ ਆਕਰਸ਼ਿਤ ਨਹੀਂ ਹੋਣਾ ਚਾਹੀਦਾ। ਬਲਕਿ ਉਨ੍ਹਾਂ ਨੂੰ ਮਿਊਚੁਅਲ ਫੰਡ ਦੇ ਟ੍ਰੈਕ ਰਿਕਾਰਡ 'ਤੇ ਧਿਆਨ ਦੇਣਾ ਚਾਹੀਦਾ ਹੈ ਅਤੇ ਉਦੇਸ਼ਪੂਰਨ ਅਤੇ ਸੂਚਿਤ ਫੈਸਲੇ ਲੈਣੇ ਚਾਹੀਦੇ ਹਨ।

## ੨੮

---

### ਐਕਸਚੇਂਜ ਟ੍ਰੇਡਿਡ ਫੰਡਸ (ਈ.ਟੀ.ਐੱਫ਼.)




ਐਕਸਚੇਂਜ ਟ੍ਰੇਡਿਡ ਫੰਡ (ਈ.ਟੀ.ਐੱਫ਼.) ਇੱਕ ਅਜਿਹੀ ਸਿਕਯੂਰਟੀ ਹੁੰਦੀ ਹੈ ਜੋ ਕਿਸੇ ਇੰਡੈਕਸ, ਕਮੋਡਿਟੀ, ਬਾਂਡਸ, ਜਾਂ ਇੱਕ ਇੰਡੈਕਸ ਫੰਡ ਜਿਹੇ ਐਸੇਟ ਦੇ ਸਮੂਹ ਨੂੰ ਟ੍ਰੈਕ ਕਰਦੀ ਹੈ ਅਤੇ ਸ਼ੇਅਰ ਮਾਰਕਿਟ ਵਿੱਚ ਉਸ ਦੀ ਟ੍ਰੇਡਿੰਗ ਹੁੰਦੀ ਹੈ। ਸਰਲ ਸ਼ਬਦਾਂ ਵਿੱਚ, ਈ.ਟੀ.ਐੱਫ਼. ਉਹ ਫੰਡਸ ਹੁੰਦੇ ਹਨ ਜੋ ਸੈਨਸੈਕਸ, ਨਿਫ਼ਟੀ, ਆਦਿ ਜਿਹੇ ਇੰਡੈਕਸਾਂ ਨੂੰ ਟ੍ਰੈਕ ਕਰਦੇ ਹਨ। ਜਦੋਂ ਤੁਸੀਂ ਕਿਸੇ ਈ.ਟੀ.ਐੱਫ਼. ਦੇ ਯੂਨਿਟ ਖਰੀਦਦੇ ਹੋ, ਤਾਂ ਅਸਲ ਵਿੱਚ ਤੁਸੀਂ ਇੱਕ ਪੋਰਟਫੋਲੀਓ ਦੇ ਯੂਨਿਟ ਖਰੀਦਦੇ ਹੋ ਜੋ ਇੰਡੈਕਸ ਦੇ ਪਰਦਰਸ਼ਨ ਨੂੰ ਟ੍ਰੈਕ ਕਰਦਾ ਹੈ। ਈ.ਟੀ.ਐੱਫ਼. ਬੱਸ ਉਸ ਇੰਡੈਕਸ ਦੇ ਪਰਦਰਸ਼ਨ ਨੂੰ ਦਰਸਾਉਂਦੇ ਹਨ ਜਿਸਨੂੰ ਉਹ ਟ੍ਰੈਕ ਕਰਦੇ ਹਨ।

ਨਿਯਮਿਤ ਮਿਊਚੁਅਲ ਫੰਡਸ ਤੋਂ ਉਲਟ, ਈ.ਟੀ.ਐੱਫ਼. ਵਿੱਚ ਸਟਾਕ ਐਕਸਚੇਂਜ ਵਿੱਚ ਕਿਸੇ ਆਮ ਸਟਾਕ ਵਾਂਗ ਟ੍ਰੇਡਿੰਗ ਹੁੰਦੀ ਹੈ ਅਤੇ ਈ.ਟੀ.ਐੱਫ਼. ਦੀ ਕੀਮਤ ਮਾਰਕਿਟ ਵਿੱਚ ਟ੍ਰੇਡਿੰਗ ਦੇ ਮੁਤਾਬਕ ਬਦਲਦੀ ਹੈ। ਈ.ਟੀ.ਐੱਫ਼. ਦੀ ਟ੍ਰੇਡਿੰਗ ਵੈਲਯੂ ਉਨ੍ਹਾਂ ਬੁਨਿਆਦੀ ਐਸੇਟਸ ਦੀ ਨੈੱਟ ਐਸੇਟ ਵੈਲਯੂ 'ਤੇ ਨਿਰਭਰ ਕਰਦੀ ਹੈ ਜੋ ਉਹ ਦਰਸਾਉਂਦਾ ਹੈ। ਆਮ ਤੌਰ 'ਤੇ, ਈ.ਟੀ.ਐੱਫ਼. ਵਿੱਚ ਮਿਊਚੁਅਲ ਫੰਡ ਸਕੀਮਾਂ ਤੋਂ ਵੱਧ ਰੋਜ਼ਾਨਾ ਨਕਦੀ ਅਤੇ ਘੱਟ ਫ਼ੀਸ ਹੁੰਦੀ ਹੈ।

# ੨੯

## ਸੇਬੀ ਕੰਪਲੇਂਟਸ ਰੀਡ੍ਰੈਸਲ ਸਿਸਟਮ (ਸਕੋਰਸ)

ਸ਼ੇਅਰ ਮਾਰਕਿਟ ਨਾਲ ਸੰਬੰਧਿਤ ਕਿਸੇ ਵੀ ਸ਼ਿਕਾਇਤ ਦੀ ਸਥਿਤੀ ਵਿੱਚ, ਤੁਸੀਂ ਪਹਿਲਾਂ ਸੰਬੰਧਿਤ ਇੰਟਰਮੀਡੀਅਰੀ ਜਾਂ ਕੰਪਨੀ ਨਾਲ ਸੰਪਰਕ ਕਰ ਸਕਦੇ ਹੋ। ਸੰਬੰਧਿਤ ਇੰਟਰਮੀਡੀਅਰੀ ਜਾਂ ਕੰਪਨੀ ਤੁਹਾਡੀ ਸ਼ਿਕਾਇਤ ਦੇ ਨਿਵਾਰਣ ਦੀ ਸਹੂਲਤ ਦੇਵੇਗੀ। ਜੇਕਰ ਸ਼ਿਕਾਇਤ ਅਣਸੁਲਝੀ ਰਹਿੰਦੀ ਹੈ, ਤਾਂ ਆਪਣੇ ਸਟਾਕ ਬ੍ਰੋਕਰ ਜਾਂ ਲਿਸਟਿਡ ਕੰਪਨੀ ਦੇ ਖ਼ਿਲਾਫ਼ ਤੁਸੀਂ ਸੰਬੰਧਿਤ ਸਟਾਕ ਐਕਸਚੇਂਜ ਜਾਂ ਡਿਪਾਜ਼ਿਟਰੀ ਨਾਲ ਸੰਪਰਕ ਕਰ ਸਕਦੇ ਹੋ।

ਜੇਕਰ ਤੁਸੀਂ ਅਜੇ ਵੀ ਨਿਪਟਾਰੇ ਤੋਂ ਸੰਤੁਸ਼ਟ ਨਹੀਂ ਹੋ, ਤਾਂ ਤੁਸੀਂ ਸਕੋਰਸ ਨਾਂ ਦੇ ਵੈੱਬ ਅਧਾਰਤ ਸੈਂਟ੍ਰਲਾਈਜ਼ਡ ਗ੍ਰੀਵੈਂਸ ਰੀਡ੍ਰੈਸਲ ਸਿਸਟਮ (ਸੇਬੀ ਕੰਪਲੇਂਟਸ ਰੀਡ੍ਰੈਸ ਸਿਸਟਮ) ਦੇ ਜ਼ਰੀਏ ਸੇਬੀ ਵਿੱਚ ਸ਼ਿਕਾਇਤ ਦਰਜ ਕਰ ਸਕਦੇ ਹੋ। ਸਕੋਰਸ ਪੋਰਟਲ ਦਾ ਪਤਾ http://scores.gov.in ਹੈ। ਨਿਵੇਸ਼ਕ ਵੀ ਸਕੋਰਸ ਮੋਬਾਈਲ ਐਪ ਦੀ ਵਰਤੋਂ ਕਰ ਕੇ ਆਪਣੀਆਂ ਸ਼ਿਕਾਇਤਾਂ ਦਰਜ ਕਰ ਸਕਦੇ ਹਨ ਜੋ ਐਂਡਰਾਇਡ ਅਤੇ ਆਈਓਐਸ ਪਲੇਟਫ਼ਾਰਮ ’ਤੇ ਉਪਲਬਧ ਹੈ। ਸਕੋਰਸ ਬਾਰੇ ਹੋਰ ਜਾਣਨ ਲਈ, ਤੁਸੀਂ ਸੇਬੀ ਦੇ ਟੋਲ-ਫ੍ਰੀ ਹੈਲਪਲਾਈਨ ਨੰਬਰਾਂ ’ਤੇ ਕਾਲ ਕਰ ਸਕਦੇ ਹੋ - ੧੮੦੦ ੨੨ ੭੫੭੫, ੧੮੦੦ ੨੬੬ ੭੫੭੫. ਸਕੋਰਸ ਤੁਹਾਨੂੰ, ਕਿਸੇ ਵੀ ਸਮੇਂ ਅਤੇ ਕਿਤੋਂ ਵੀ, ਆਪਣੀ ਸ਼ਿਕਾਇਤ ਆਨਲਾਈਨ ਦਰਜ ਕਰਨ, ਫ਼ਾਲੋ-ਅੱਪ ਕਰਨ ਅਤੇ ਸ਼ਿਕਾਇਤ(ਸ਼ਿਕਾਇਤਾਂ) ਦੇ ਨਿਪਟਾਰੇ ਦੀ ਸਥਿਤੀ ਨੂੰ ਟ੍ਰੈਕ ਕਰਨ ਵਿੱਚ ਯੋਗ ਬਣਾਉਂਦਾ ਹੈ।




# ੩੦

## ਸਟਾਕ ਐਕਸਚੇਂਜ ਦਾ ਇਨਵੈਸਟਰ ਸਰਵਿਸਿਜ਼ ਸੈੱਲ

ਇਨਵੈਸਟਰ ਸਰਵਿਸਿਜ਼ ਸੈੱਲ ਨਿਵੇਸ਼ਕਾਂ ਦੇ ਸਵਾਲਾਂ ਦੇ ਜਵਾਬ ਦੇ ਕੇ, ਨਿਵੇਸ਼ਕਾਂ ਦੀਆਂ ਸ਼ਿਕਾਇਤਾਂ ਨੂੰ ਹੱਲ ਕਰ ਕੇ ਅਤੇ ਵਿਵਾਦਾਂ ਦੇ ਅਰਧ-ਨਿਆਇਕ ਨਿਪਟਾਰੇ ਲਈ ਆਰਬਿਟਰੇਸ਼ਨ ਮਕੈਨਿਜ਼ਮ ਪ੍ਰਦਾਨ ਕਰ ਕੇ ਨਿਵੇਸ਼ਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ।



ਐੱਨ.ਐੱਸ.ਈ. ਵਿੱਚ ਇਨਵੈਸਟਰ ਗ੍ਰੀਵੈਂਸ ਰੇਜ਼ਲਿਉਸ਼ਨ ਪੈਨਲ (ਆਈ.ਜੀ.ਆਰ.ਪੀ) ਅਤੇ ਬੀ.ਐੱਸ.ਈ. ਲਿਮਿਟਿਡ ਅਤੇ ਐੱਮ.ਐੱਸ.ਈ. ਵਿੱਚ ਇਨਵੈਸਟਰ ਗ੍ਰੀਵੈਂਸ ਰੀਡ੍ਰੈਸਲ ਕਮੇਟੀ (ਆਈ.ਜੀ.ਆਰ.ਸੀ.) ਦੇ ਜ਼ਰੀਏ ਸਟਾਕ ਐਕਸਚੇਂਜਾਂ ਨਿਵੇਸ਼ਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਦੀ ਸਹੂਲਤ ਦਿੰਦੀਆਂ ਹਨ।

> ਨਿਵੇਸ਼ਕਾਂ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਵਿੱਚ ਉਨ੍ਹਾਂ ਨੂੰ ਸਹੂਲਤ ਪ੍ਰਦਾਨ ਕਰਨ ਲਈ, ਵੱਖੋ-ਵੱਖ ਖੇਤਰਾਂ ਵਿੱਚ ਇਨ੍ਹਾਂ ਐਕਸਚੇਂਜਾਂ ਦੇ ਆਪਣੇ ਇਨਵੈਸਟਰ ਸਰਵਿਸ ਸੈਂਟਰਸ ਹਨ ਜੋ ਪੂਰੇ ਦੇਸ਼ ਵਿੱਚ ਫੈਲੇ ਹੋਏ ਹਨ। ਇਨ੍ਹਾਂ ਸੈਂਟਰਸ ਦੀਆਂ ਬਿਓਰੇਵਾਰ ਸੂਚੀਆਂ ਇਨ੍ਹਾਂ ਐਕਸਚੇਂਜਾਂ ਦੀਆਂ ਵੈੱਬਸਾਈਟਾਂ ’ਤੇ ਉਪਲਬਧ ਹਨ।

# ੩੧

### ਆਰਬਿਟਰੇਸ਼ਨ ਮਕੈਨਿਜ਼ਮ

ਆਰਬਿਟਰੇਸ਼ਨ ਸਟਾਕ ਬ੍ਰੋਕਰ ਅਤੇ ਨਿਵੇਸ਼ਕ ਦੇ ਵਿਚਕਾਰ ਪੈਦਾ ਹੋਣ ਵਾਲੇ ਵਿਵਾਦਾਂ ਦੇ ਅਰਧ-ਨਿਆਇਕ ਨਿਪਟਾਰੇ ਦੀ ਪ੍ਰਕਿਰਿਆ ਨੂੰ ਦਰਸਾਉਂਦਾ ਹੈ। ਜਦੋਂ ਕਿਸੇ ਇੱਕ ਪੱਖ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਦੂਜੇ ਪੱਖ ਜਾਂ ਐਕਸਚੇਂਜ ਦੀ ਸ਼ਿਕਾਇਤ ਹੱਲ ਕਰਨ ਦੀ ਪ੍ਰਕਿਰਿਆ ਦੁਆਰਾ ਸ਼ਿਕਾਇਤ ਤਸੱਲੀਬਖਸ਼ ਹੱਲ ਨਹੀਂ ਕੀਤੀ ਗਈ ਹੈ, ਤਾਂ ਉਹ ਪੱਖ ਸਟਾਕ ਐਕਸਚੇਂਜ ਵਿੱਚ ਉਪਲਬਧ ਆਰਬਿਟਰੇਸ਼ਨ ਪ੍ਰਕਿਰਿਆ ਦਾ ਰਸਤਾ ਚੁਣ ਸਕਦੇ ਹਨ।

ਇਨਵੈਸਟਰ ਸਰਵਿਸ ਸੈਂਟਰਸ ਦੀ ਸੂਚੀ, ਆਰਬਿਟਰੇਸ਼ਨ ਪ੍ਰਕਿਰਿਆ ਅਤੇ ਉਸ ਵਿੱਚ ਸ਼ਾਮਲ ਫ਼ੀਸ ਅਤੇ ਸ਼ੁਲਕ ਬਾਰੇ ਵਧੇਰੀ ਜਾਣਕਾਰੀ ਲਈ, ਤੁਸੀਂ ਸੰਬੰਧਿਤ ਸਟਾਕ ਐਕਸਚੇਂਜਾਂ ਦੀਆਂ ਵੈੱਬਸਾਈਟਾਂ 'ਤੇ ਜਾ ਸਕਦੇ ਹੋ।



### ਦਾਅਵਾ ਨਾ ਕੀਤੇ ਗਏ ਸ਼ੇਅਰਾਂ/ ਭੁਗਤਾਨ ਨਾ ਕੀਤੀ ਗਈ ਡਿਵਿਡੈਂਡ ਦੀ ਰਕਮ ਬਾਰੇ ਜਾਣਕਾਰੀ - ਆਈ.ਈ.ਪੀ.ਐੱਫ਼.

ਨਿਵੇਸ਼ਕਾਂ ਦੀ ਜਾਗਰੂਕਤਾ ਨੂੰ ਵਧਾਉਣ ਅਤੇ ਨਿਵੇਸ਼ਕਾਂ ਦੇ ਹਿਤਾਂ ਦੀ ਸੁਰੱਖਿਆ ਲਈ ਕੰਪਨੀ ਐਕਟ, ੨੦੧੩ ਦੇ ਸੈਕਸ਼ਨ ੧੨੫ ਦੇ ਤਹਿਤ ਇਨਵੈਸਟਰ ਐਜੁਕੇਸ਼ਨ ਐਂਡ ਪ੍ਰੋਟੈਕਸ਼ਨ ਫੰਡ (ਆਈ.ਈ.ਪੀ.ਐੱਫ਼.) ਸਥਾਪਤ ਕੀਤਾ ਗਿਆ ਹੈ। ਆਈ.ਈ.ਪੀ.ਐੱਫ਼. ਅਥਾਰਟੀ ਇੱਕ ਕਨੂੰਨੀ ਸੰਸਥਾ ਹੈ, ਕੰਪਨੀ ਐਕਟ, ੨੦੧੩ ਦੇ ਪ੍ਰਬੰਧਾਂ ਦੇ ਤਹਿਤ ਜਿਸਦਾ ਗਠਨ ਕੀਤਾ ਗਿਆ ਸੀ।

ਉਹ ਸਾਰੇ ਡਿਵਿਡੈਂਡ ਅਤੇ ਸ਼ੇਅਰਸ, ਲਗਾਤਾਰ ਸੱਤ ਸਾਲਾਂ ਤੱਕ ਜਿਨ੍ਹਾਂ ਦਾ ਭੁਗਤਾਨ ਜਾਂ ਦਾਅਵਾ ਨਹੀਂ ਕੀਤਾ ਜਾਂਦਾ, ਸੰਬੰਧਿਤ ਕੰਪਨੀਆਂ ਦੁਆਰਾ ਇਨਵੈਸਟਰ ਐਜੁਕੇਸ਼ਨ ਐਂਡ ਪ੍ਰੋਟੈਕਸ਼ਨ ਫੰਡ ਅਥਾਰਟੀ (ਆਈ.ਈ.ਪੀ.ਐੱਫ਼.) ਵਿੱਚ ਟ੍ਰਾਂਸਫਰ ਕਰ ਦਿੱਤੇ ਜਾਂਦੇ ਹਨ। ਭੁਗਤਾਨ ਨਾ ਕੀਤੇ ਗਏ ਡਿਵਿਡੈਂਡ ਅਤੇ/ਜਾਂ ਦਾਅਵਾ ਨਾ ਕੀਤੇ ਗਏ ਸ਼ੇਅਰ ਪ੍ਰਾਪਤ ਕਰਨ ਲਈ ਨਿਵੇਸ਼ਕ ਜਾਂ ਉਸਦੇ ਨੁਮਾਇੰਦਿਆਂ ਨੂੰ ਆਈ.ਈ.ਪੀ.ਐੱਫ਼. ਅਥਾਰਟੀ ਵਿੱਚ ਆਪਣਾ ਦਾਅਵਾ ਪੇਸ਼ ਕਰਨ ਦੀ ਜ਼ਰੂਰਤ ਹੋਵੇਗੀ।

ਵਧੇਰੀ ਜਾਣਕਾਰੀ ਲਈ, ਨਿਵੇਸ਼ਕ ਇਹ ਵੇਖ ਸਕਦੇ ਹਨ
http://www.iepf.gov.in/IEPF/refund.html



# ੩੨

**ਅਨੁਲੱਗ – ੧**
**(ਸ਼ੇਅਰ ਮਾਰਕਿਟ ਵਿੱਚ ਨਿਵੇਸ਼/ ਟ੍ਰੇਡਿੰਗ ਲਈ ਕਰਨ ਅਤੇ ਨਾ ਕਰਨ ਯੋਗ ਕੰਮ)**



## ਕਰਨ ਯੋਗ ਕੰਮ

- ਤੁਸੀਂ ਸ਼ੇਅਰ ਮਾਰਕਿਟ ਵਿੱਚ ਆਪਣੀਆਂ ਨਿਵੇਸ਼-ਸੰਬੰਧੀ ਜ਼ਰੂਰਤਾਂ ਲਈ ਸੇਬੀ ਵਿੱਚ ਰਜਿਸਟਰਡ ਕਿਸੇ ਨਿਵੇਸ਼ ਸਲਾਹਕਾਰ ਤੋਂ ਸਲਾਹ ਲੈ ਸਕਦੇ ਹੋ।
- ਆਪਣੇ ਨਿਵੇਸ਼ ਦੇ ਉਦੇਸ਼ ਅਤੇ ਜੋਖਮ ਲੈਣ ਦੀ ਸਮਰੱਥਾ ਦੇ ਅਧਾਰ ’ਤੇ ਕਿਸੇ ਸਕੀਮ/ਉਤਪਾਦ ਵਿੱਚ ਨਿਵੇਸ਼ ਕਰੋ।
- ਟ੍ਰਾਂਜ਼ੈਕਸ਼ਨ ਹੋਣ ਤੋਂ ਬਾਅਦ ੨੪ ਘੰਟਿਆਂ ਦੇ ਅੰਦਰ ਕੀਤੇ ਗਏ ਟ੍ਰੇਡਸ ਲਈ ਇੱਕ ਜਾਇਜ਼ ਕਾਨਟ੍ਰੈਕਟ ਨੋਟ/ ਕਨਫਰਮੇਸ਼ਨ ਮੇਮੋ ’ਤੇ ਜ਼ੋਰ ਦਿਓ। ਨਿਯਮਿਤ ਤੌਰ ’ਤੇ ਆਪਣੇ ਡੀਮੈਟ ਅਕਾਉਂਟ ਵਿੱਚ ਆਪਣੇ ਪੋਰਟਫੋਲੀਓ ਦਾ ਟ੍ਰੈਕ ਰੱਖੋ।
- ਦਸਤਖ਼ਤ ਕਰਨ ਤੋਂ ਪਹਿਲਾਂ ਸਾਰੇ ਦਸਤਾਵੇਜ਼ਾਂ ਨੂੰ ਧਿਆਨ ਨਾਲ ਪੜ੍ਹੋ।
- ਤੁਹਾਨੂੰ ਆਪਣੇ ਅਕਾਉਂਟਸ ’ਤੇ ਲਾਗੂ ਹੋਣ ਵਾਲੇ ਸਾਰੇ ਸ਼ੁਲਕ/ ਫ਼ੀਸ/ ਬ੍ਰੋਕਰੇਜ ਧਿਆਨ ਨਾਲ ਨੋਟ ਕਰਨੇ ਚਾਹੀਦੇ ਹਨ ਅਤੇ ਉਨ੍ਹਾਂ ਦਾ ਰਿਕਾਰਡ ਰੱਖਣਾ ਚਾਹੀਦਾ ਹੈ।
- ਦਸਤਖ਼ਤ ਕੀਤੇ ਗਏ ਦਸਤਾਵੇਜ਼ਾਂ, ਅਕਾਉਂਟ ਸਟੇਟਮੈਂਟਸ, ਪ੍ਰਾਪਤ ਹੋਏ ਕਾਨਟ੍ਰੈਕਟ ਨੋਟਸ ਅਤੇ ਕੀਤੇ ਗਏ ਭੁਗਤਾਨਾਂ ਦਾ ਰਿਕਾਰਡ ਰੱਖੋ।
- ਇਹ ਯਕੀਨੀ ਬਣਾਉਣ ਲਈ ਸਮੇਂ-ਸਮੇਂ ’ਤੇ ਆਪਣੀਆਂ ਵਿੱਤੀ ਜ਼ਰੂਰਤਾਂ / ਟੀਚਿਆਂ ਅਤੇ ਪੋਰਟਫੋਲੀਓ ਦੀ ਸਮੀਖਿਆ ਕਰੋ ਕਿ ਉਨ੍ਹਾਂ ਨੂੰ ਪੂਰਾ ਕਰਨਾ ਮੁਮਕਿਨ ਹੈ।
- ਹਮੇਸ਼ਾ ਬੈਂਕਿੰਗ ਚੈਨਲ ਦੀ ਵਰਤੋਂ ਰਾਹੀਂ ਆਪਣੀਆਂ ਟ੍ਰਾਂਜ਼ੈਕਸ਼ਨਾਂ ਲਈ ਭੁਗਤਾਨ ਕਰੋ, ਯਾਨੀ ਨਕਦ ਵਿੱਚ ਕੋਈ ਸੌਦਾ ਨਹੀਂ।
- ਆਪਣੀ ਜਾਣਕਾਰੀ ਨੂੰ ਹਮੇਸ਼ਾ ਅਪਡੇਟ ਰੱਖੋ। ਜਦੋਂ ਵੀ ਤੁਹਾਡੇ ਪਤੇ ਜਾਂ ਬੈਂਕ ਦੇ ਬਿਓਰੇ ਜਾਂ ਈਮੇਲ ਆਈ.ਡੀ. ਜਾਂ ਮੋਬਾਈਲ ਨੰਬਰ ਵਿੱਚ ਕੋਈ ਬਦਲਾਅ ਹੋਵੇ ਓਦੋਂ ਆਪਣੇ ਸਟਾਕ ਬ੍ਰੋਕਰ/ ਡਿਪਾਜ਼ਿਟਰੀ ਪਾਰਟਿਸਿਪੈਂਟ ਨੂੰ ਸੂਚਿਤ ਕਰੋ। ਕਿਉਂਕਿ ਹੁਣ ਸਿਮ ਕਾਰਡਾਂ ਵਿੱਚ ਵੱਖੋ-ਵੱਖ ਸੇਵਾ ਪ੍ਰਦਾਤਾਵਾਂ ’ਤੇ ਪੋਰਟ ਕੀਤੇ ਜਾਣ ਦਾ ਫ਼ੀਚਰ ਮੌਜੂਦ ਹੈ, ਨਿਵੇਸ਼ਕ ਆਪਣੇ ਸੰਬੰਧਿਤ ਅਕਾਉਂਟਸ ਨਾਲ ਇੱਕੋ ਮੋਬਾਈਲ ਨੰਬਰ ਨੂੰ ਜੋੜ ਕੇ ਰੱਖ ਸਕਦੇ ਹਨ। (ਮੋਬਾਈਲ ਨੰਬਰ ਸਾਰੇ ਮਹੱਤਵਪੂਰਣ ਲੈਣ-ਦੇਣਾਂ ਲਈ ਜ਼ਰੂਰੀ ਹੈ।)
- ਆਪਣੇ ਸਾਰੇ ਨਿਵੇਸ਼ਾਂ ਲਈ ਨਾਮਜ਼ਦਗੀ ਦੀ ਸਹੂਲਤ ਪ੍ਰਾਪਤ ਕਰੋ। ਡੀਮੈਟ ਅਕਾਉਂਟ ਵਿੱਚ ਕਈ ਨਾਮਜ਼ਦਗੀਆਂ ਦੀ ਇਜਾਜ਼ਤ ਹੁੰਦੀ ਹੈ।
- ਸਮੇਂ-ਸਮੇਂ ’ਤੇ ਆਪਣੇ ਰਨਿੰਗ ਅਕਾਉਂਟਸ ਨੂੰ ਸੈਟਲ ਕਰੋ (੩੦ / ੯੦ ਦਿਨਾਂ ਵਿੱਚ ਇੱਕ ਵਾਰ, ਜਿਵੇਂ ਤੁਸੀਂ ਚੋਣ ਕੀਤੀ ਹੋਵੇ)।
- ਰਨਿੰਗ ਅਕਾਉਂਟ ਦੀ ਨਿਯਮਿਤ ਜਾਂਚ ਕਰੋ।
- ਸਮੇਂ-ਸਮੇਂ ’ਤੇ ਆਪਣੇ ਟ੍ਰੇਡਿੰਗ ਅਕਾਉਂਟ ਦੀ ਜਾਂਚ ਅਤੇ ਸਮੀਖਿਆ ਕਰੋ।

- ਕਿਸੇ ਦਿਨ ਵਿੱਚ ਕੀਤੇ ਗਏ ਟ੍ਰੇਡਸ ਦੇ ਸੰਬੰਧ ਵਿੱਚ ਨਿਯਮਿਤ ਤੌਰ 'ਤੇ ਐਕਸਚੇਂਜ ਤੋਂ ਰੋਜ਼ ਦੇ ਐੱਸ.ਐੱਮ.ਐੱਸ. ਅਤੇ ਈਮੇਲ ਚੈੱਕ ਕਰੋ।

- ਟ੍ਰੇਡਿੰਗ ਮੈਂਬਰ ਕੋਲ ਕਾਇਮ ਰੱਖੀ ਗਈ ਰਕਮ ਅਤੇ ਨਿਵੇਸ਼ਕਾਂ ਦੇ ਸਿਕਯੁਰਟੀਜ਼ ਬਕਾਇਆਂ ਦੇ ਸੰਬੰਧ ਵਿੱਚ ਨਿਯਮਿਤ ਤੌਰ 'ਤੇ ਐਕਸਚੇਂਜ ਤੋਂ ਮਹੀਨੇਵਾਰ ਐੱਸ.ਐੱਮ.ਐੱਸ. ਅਤੇ ਈਮੇਲ ਚੈੱਕ ਕਰੋ।

# ਨਾ ਕਰਨ ਯੋਗ ਕੰਮ

- ਨਿਵੇਸ਼ ਕਰਨ ਲਈ ਰਕਮ ਉਧਾਰ ਨਾ ਲਵੋ।

- ਅਪੰਜੀਕ੍ਰਿਤ ਬ੍ਰੋਕਰਾਂ / ਹੋਰ ਅਪੰਜੀਕ੍ਰਿਤ ਇੰਟਰਮੀਡੀਅਰੀਜ਼ ਨਾਲ ਕਾਰੋਬਾਰ ਨਾ ਕਰੋ।

- ਇੰਟਰਮੀਡੀਅਰੀ ਨੂੰ ਸਹਿਮਤ ਹੋਈ ਬ੍ਰੋਕਰੇਜ/ਸ਼ੁਲਕ ਤੋਂ ਜ਼ਿਆਦਾ ਰਕਮ ਦਾ ਭੁਗਤਾਨ ਨਾ ਕਰੋ।

- ਕਿਸੇ ਵੀ ਦਸਤਾਵੇਜ਼ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਪੂਰੀ ਤਰ੍ਹਾਂ ਸਮਝੇ ਬਿਨਾਂ ਕਿਸੇ ਵੀ ਇੰਟਰਮੀਡੀਅਰੀ ਨਾਲ ਉਸ 'ਤੇ ਅਮਲ ਨਾ ਕਰੋ।

- ਕਿਸੇ ਵੀ ਖਾਲੀ ਫ਼ਾਰਮ ਜਾਂ ਡਿਲਿਵਰੀ ਇਨਸਟ੍ਰਕਸ਼ਨ ਸਲਿੱਪ 'ਤੇ ਦਸਤਖ਼ਤ ਨਾ ਕਰੋ।

- ਸਟਾਕ ਬ੍ਰੋਕਰ/ ਡਿਪਾਜ਼ਿਟਰੀ ਪਾਰਟਿਸਿਪੈਂਟ ਦੇ ਹੱਕ ਵਿੱਚ ਜਨਰਲ ਪਾਵਰ ਆਫ਼ ਅਟਾਰਨੀ (ਪੀ.ਓ.ਏ.) ਜਾਰੀ ਨਾ ਕਰੋ। ਜੇਕਰ ਤੁਸੀਂ ਪੀ.ਓ.ਏ. ਜਾਰੀ ਕਰਨਾ ਚਾਹੁੰਦੇ ਹੋ, ਤਾਂ ਬਹੁਤ ਸਟੀਕ ਪੀ.ਓ.ਏ. ਜਾਰੀ ਕਰ ਕੇ ਚੰਗੀ ਤਰ੍ਹਾਂ ਪੜਚੋਲ ਕਰੋ।

- ਵਿਵਾਦ ਹੋਣ ਦੀ ਸਥਿਤੀ ਵਿੱਚ, ਸਮੇਂ ਦੀ ਉਚਿਤ ਮਿਆਦ ਦੇ ਦੌਰਾਨ ਇੰਟਰਮੀਡੀਅਰੀ/ ਸਟਾਕ ਐਕਸਚੇਂਜ/ਸੇਬੀ ਕੋਲ ਲਿਖਤੀ ਸ਼ਿਕਾਇਤ ਦਰਜ ਕਰੋ।

- ਡੱਬਾ ਟ੍ਰੇਡਿੰਗ ਗੈਰ-ਕਨੂੰਨੀ ਹੈ। ਭਾਵੇਂ ਇਹ ਲੱਗਦਾ ਹੈ ਕਿ ਲਾਗਤ ਵਿੱਚ ਤੁਹਾਡੀ ਬਚਤ ਹੋਵੇਗੀ, ਡੱਬਾ ਟ੍ਰੇਡਿੰਗ ਵਿੱਚ ਸ਼ਾਮਲ ਨਾ ਹੋਵੋ ਕਿਉਂਕਿ ਉਹ ਸਟਾਕ ਐਕਸਚੇਂਜਾਂ ਵਿੱਚ ਕੀਤੇ ਜਾਣ ਵਾਲੇ ਸੁਰੱਖਿਅਤ ਅਤੇ ਗਰੰਟੀਸ਼ੁਦਾ ਟ੍ਰੇਡਸ ਦਾ ਕੋਈ ਫ਼ਾਇਦਾ ਪ੍ਰਦਾਨ ਨਹੀਂ ਕਰਦੀ।

- ਆਪਣੇ ਨਿਵੇਸ਼-ਸੰਬੰਧੀ ਫੈਸਲੇ ਲੈਣ ਲਈ ਹੌਟ ਟਿੱਪਸ 'ਤੇ ਨਿਰਭਰ ਨਾ ਕਰੋ ਕਿਉਂਕਿ ਇਸ ਵਿੱਚ ਅਜਿਹਾ ਵਿਅਕਤੀ ਸ਼ਾਮਲ ਹੋ ਸਕਦਾ ਹੈ ਜੋ ਆਪਣੀਆਂ ਨਾ ਵੇਚਣ ਯੋਗ ਸਿਕਯੁਰਟੀਜ਼ ਨੂੰ ਵੇਚਣਾ ਚਾਹੁੰਦਾ ਹੋਵੇ। ਹੌਟ ਟਿੱਪਸ ਦੇਣਾ ਵੀ ਇੱਕ ਗੈਰ-ਕਨੂੰਨੀ ਕਿਰਿਆ ਹੈ, ਸੇਬੀ ਨੂੰ ਜਿਸਦੀ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ।

- ਕਦੇ ਵੀ ਆਪਣਾ ਆਨਲਾਈਨ ਅਕਾਉਂਟ ਦਾ ਪਾਸਵਰਡ ਕਿਸੇ ਨਾਲ ਸਾਂਝਾ ਨਾ ਕਰੋ। ਅਕਸਰ ਪਾਸਵਰਡ ਬਦਲੋ।

- ਪੋਂਜ਼ੀ ਸਕੀਮਾਂ, ਅਪੰਜੀਕ੍ਰਿਤ ਚਿੱਟ ਫੰਡਸ, ਅਪੰਜੀਕ੍ਰਿਤ ਸਮੂਹਕ ਨਿਵੇਸ਼ ਜਾਂ ਅਪੰਜੀਕ੍ਰਿਤ ਡਿਪਾਜ਼ਿਟ ਸਕੀਮਾਂ ਦੇ ਸ਼ਿਕਾਰ ਨਾ ਬਣੋ।

- ਆਪਣੇ ਕੇ.ਵਾਈ.ਸੀ. ਦਸਤਾਵੇਜ਼ਾਂ ਵਿੱਚ ਖਾਲੀ ਅਸਥਾਨਾਂ ਨੂੰ ਕੱਟਣਾ ਨਾ ਭੁੱਲੋ।

- ਜੇਕਰ ਤੁਸੀਂ ਕੰਪਿਊਟਰਾਂ ਨਾਲ ਪਰਿਚਿਤ ਨਹੀਂ ਹੋ, ਤਾਂ ਡਿਜੀਟਲ ਕਾਨਟ੍ਰੈਕਟਸ ਦੀ ਚੋਣ ਨਾ ਕਰੋ।

# ੩੩

**ਅਨੁਲੱਗ - ੨**
**(ਨਿਵੇਸ਼ਕਾਂ ਦੇ ਹੱਕ ਅਤੇ ਜ਼ਿੰਮੇਵਾਰੀਆਂ)**




### ਨਿਵੇਸ਼ਕਾਂ ਦੇ ਹੱਕ

- ਬ੍ਰੋਕਰ ਵੱਲੋਂ ਯੂਨੀਕ ਕਲਾਇੰਟ ਕੋਡ (ਯੂ.ਸੀ.ਸੀ.) ਅਲਾਟ ਕਰਵਾਓ।
- ਇੰਟਰਮੀਡੀਅਰੀ ਤੋਂ ਕੇ.ਵਾਈ.ਸੀ. ਅਤੇ ਹੋਰ ਦਸਤਾਵੇਜ਼ਾਂ ਦੀ ਕਾਪੀ ਐਗਜ਼ਿਕਿਊਟ ਕਰਵਾਓ।
- ਸਿਰਫ਼ ਆਪਣੇ ਯੂ.ਸੀ.ਸੀ. ਵਿੱਚ ਟ੍ਰੇਡਸ ਐਗਜ਼ਿਕਿਊਟ ਕਰਵਾਓ।
- ਮੈਂਬਰ ਨਾਲ ਸਹਿਮਤ ਹੋਏ ਨਿਯਮਾਂ ਦੇ ਪੂਰੇ ਹੋਣ 'ਤੇ ਆਰਡਰ ਦਿਓ।
- ਸਭ ਤੋਂ ਵਧੀਆ ਕੀਮਤ ਪ੍ਰਾਪਤ ਕਰੋ।
- ਐਗਜ਼ਿਕਿਊਟ ਹੋਏ ਟ੍ਰੇਡਸ ਲਈ ਕਾਨਟ੍ਰੈਕਟ ਨੋਟ ਪ੍ਰਾਪਤ ਕਰੋ।
- ਵਸੂਲੇ ਗਏ ਸ਼ੁਲਕ ਦਾ ਬਿਓਰਾ ਮੰਗੋ।
- ਸਹੀ ਸਮੇਂ 'ਤੇ ਰਕਮ ਅਤੇ ਸਿਕਯੁਰਟੀਜ਼ ਪ੍ਰਾਪਤ ਕਰੋ।
- ਟ੍ਰੇਡਿੰਗ ਮੈਂਬਰ ਤੋਂ ਸਟੇਟਮੈਂਟ ਆਫ਼ ਅਕਾਉਂਟਸ ਪ੍ਰਾਪਤ ਕਰੋ।
- ਅਕਾਉਂਟਸ ਦੀ ਸੈਟਲਮੈਂਟ ਦੀ ਮੰਗ ਕਰੋ
- ਸਹਿਮਤ ਹੋਏ ਸ਼ਿਡਿਊਲ ਦੇ ਮੁਤਾਬਕ ਸਟੇਟਮੈਂਟਸ ਪ੍ਰਾਪਤ ਕਰੋ।

### ਨਿਵੇਸ਼ਕਾਂ ਦੀਆਂ ਜ਼ਿੰਮੇਵਾਰੀਆਂ

- ਨੋ ਯੋਰ ਕਲਾਇੰਟ (ਕੇ.ਵਾਈ.ਸੀ.) ਦਸਤਾਵੇਜ਼ ਐਗਜ਼ਿਕਿਊਟ ਕਰਵਾਓ ਅਤੇ ਸਹਾਇਕ ਦਸਤਾਵੇਜ਼ ਪ੍ਰਦਾਨ ਕਰੋ।
- ਉਨ੍ਹਾਂ ਸਵੈਇੱਛਕ ਸ਼ਰਤਾਂ ਨੂੰ ਸਮਝੋ ਜਿਨ੍ਹਾਂ ਲਈ ਟ੍ਰੇਡਿੰਗ ਮੈਂਬਰ ਨਾਲ ਸਹਿਮਤੀ ਬਣ ਰਹੀ ਹੈ।
- ਟ੍ਰੇਡਿੰਗ ਮੈਂਬਰਸ ਨੂੰ ਦਿੱਤੇ ਗਏ ਅਧਿਕਾਰਾਂ ਨੂੰ ਸਮਝੋ।
- ਜੋਖਮ ਖੁਲਾਸਾ ਦਸਤਾਵੇਜ਼ ਪੜ੍ਹੋ।

- ਉਤਪਾਦ ਅਤੇ ਓਪਰੇਸ਼ਨਲ ਫ੍ਰੇਮਵਰਕ ਅਤੇ ਡੈੱਡਲਾਈਨਸ ਨੂੰ ਸਮਝੋ।
- ਸਹੀ ਸਮੇਂ 'ਤੇ ਮਾਰਜਿਨਸ ਦਾ ਭੁਗਤਾਨ ਕਰੋ।
- ਸਹੀ ਸਮੇਂ 'ਤੇ ਸੈਟਲਮੈਂਟ ਲਈ ਰਕਮ ਅਤੇ ਸਿਕਯੁਰਟੀਜ਼ ਦਾ ਭੁਗਤਾਨ ਕਰੋ।
- ਟ੍ਰੇਡਸ ਦੇ ਬਿਓਰੇ ਦੀ ਤਸਦੀਕ ਕਰੋ।
- ਰਕਮ ਅਤੇ ਸਿਕਯੁਰਟੀਜ਼ ਦੇ ਵਟਾਂਦਰੇ ਲਈ ਬੈਂਕ ਅਕਾਉਂਟ ਅਤੇ ਡੀ.ਪੀ. ਅਕਾਉਂਟ ਦੀ ਤਸਦੀਕ ਕਰੋ।
- ਕਾਨਟ੍ਰੈਕਟ ਨੋਟਸ ਅਤੇ ਸਟੇਟਮੈਂਟ ਆਫ਼ ਅਕਾਉਂਟ ਦੀ ਸਮੀਖਿਆ ਕਰੋ।

# ੩੪

**ਅਨੁਲੱਗ - ੩**
**(ਅਪੰਜੀਕ੍ਰਿਤ ਨਿਵੇਸ਼ ਸਲਾਹਕਾਰਾਂ ਦੇ ਵਿਰੁੱਧ ਸਾਵਧਾਨ)**

ਅਪੰਜੀਕ੍ਰਿਤ ਨਿਵੇਸ਼ ਸਲਾਹਕਾਰਾਂ ਦੇ ਵਿਰੁੱਧ ਸਾਵਧਾਨ

ਸੇਬੀ (ਇਨਵੈਸਟਮੈਂਟ ਐਡਵਾਇਜ਼ਰਸ) ਰੈਗੁਲੇਸ਼ਨਸ, ੨੦੧੩ [ਆਖ਼ਰੀ ਵਾਰ ੦੩ ਜੁਲਾਈ, ੨੦੨੦ ਨੂੰ ਸੋਧ ਕੀਤਾ ਗਿਆ] ਦੇ ਤਹਿਤ ਸੇਬੀ ਨਿਵੇਸ਼ ਸਲਾਹਕਾਰਾਂ ਨੂੰ ਰਜਿਸਟਰ ਕਰਦਾ ਹੈ। "ਨਿਵੇਸ਼ ਸਲਾਹਕਾਰ" ਦਾ ਮਤਲਬ ਅਜਿਹਾ ਕੋਈ ਵਿਅਕਤੀ ਹੁੰਦਾ ਹੈ, ਜੋ ਗੌਰ ਕਰਨ ਲਈ, ਕਲਾਇੰਟਸ ਜਾਂ ਹੋਰ ਲੋਕਾਂ ਜਾਂ ਲੋਕਾਂ ਦੇ ਸਮੂਹ ਨੂੰ ਨਿਵੇਸ਼-ਸੰਬੰਧੀ ਸਲਾਹ ਪ੍ਰਦਾਨ ਕਰਨ ਵਿੱਚ ਸ਼ਾਮਲ ਹੁੰਦਾ ਹੈ ਅਤੇ ਇਸ ਵਿੱਚ ਅਜਿਹਾ ਕੋਈ ਵੀ ਵਿਅਕਤੀ ਸ਼ਾਮਲ ਹੁੰਦਾ ਹੈ ਜੋ ਆਪਣੇ ਆਪ ਨੂੰ ਨਿਵੇਸ਼ ਸਲਾਹਕਾਰ ਮੰਨਦਾ ਹੈ, ਭਾਵੇਂ ਉਸਨੂੰ ਕੋਈ ਵੀ ਨਾਂ ਦਿੱਤਾ ਜਾਵੇ।



ਇਸ ਰੈਗੁਲੇਸ਼ਨ ਦਾ ਟੀਚਾ "ਨਿਵੇਸ਼-ਸੰਬੰਧੀ ਸਲਾਹ" ਨੂੰ ਨਿਯੰਤ੍ਰਿਤ ਕਰਨਾ ਹੈ ਜੋ ਕਲਾਇੰਟ ਦੇ ਫ਼ਾਇਦੇ ਲਈ ਲਿਖਤੀ, ਜ਼ੁਬਾਨੀ ਜਾਂ ਸੰਚਾਰ ਦੇ ਕਿਸੇ ਹੋਰ ਸਾਧਨ ਦੇ ਜ਼ਰੀਏ ਸਿਕਯੁਰਟੀਜ਼ ਜਾਂ ਨਿਵੇਸ਼-ਸੰਬੰਧੀ ਉਤਪਾਦਾਂ ਵਿੱਚ ਨਿਵੇਸ਼ ਕਰਨ, ਖਰੀਦਣ, ਵੇਚਣ ਜਾਂ ਕਿਸੇ ਹੋਰ ਤਰ੍ਹਾਂ ਉਨ੍ਹਾਂ ਦਾ ਸੌਦਾ ਕਰਨ ਨਾਲ ਸੰਬੰਧਿਤ ਸਲਾਹ, ਅਤੇ ਸਿਕਯੁਰਟੀਜ਼ ਜਾਂ ਨਿਵੇਸ਼-ਸੰਬੰਧੀ ਉਤਪਾਦਾਂ ਵਾਲੇ ਨਿਵੇਸ਼ ਪੋਰਟਫੋਲੀਓ ਬਾਰੇ ਸਲਾਹ ਨੂੰ ਦਰਸਾਉਂਦੀ ਹੈ ਅਤੇ ਜਿਸ ਵਿੱਚ ਵਿੱਤੀ ਨਿਯੋਜਨ ਸ਼ਾਮਲ ਹੋਵੇਗਾ: ਬਸ਼ਰਤੇ ਕਿ ਅਖ਼ਬਾਰ, ਮੈਗਜ਼ੀਨ, ਕਿਸੇ ਵੀ ਇਲੈਕਟ੍ਰਾਨਿਕ ਜਾਂ ਪ੍ਰਸਾਰਣ ਜਾਂ ਦੂਰ-ਸੰਚਾਰ ਦੇ ਸਾਧਨ ਦੇ ਜ਼ਰੀਏ ਦਿੱਤੀ ਗਈ ਨਿਵੇਸ਼-ਸੰਬੰਧੀ ਸਲਾਹ, ਜੋ ਵਿਆਪਕ ਤੌਰ 'ਤੇ ਲੋਕਾਂ ਨੂੰ ਉਪਲਬਧ ਹੋਵੇਗੀ, ਨੂੰ ਇਨ੍ਹਾਂ ਰੈਗੁਲੇਸ਼ਨਸ ਦੇ ਉਦੇਸ਼ ਲਈ ਨਿਵੇਸ਼-ਸੰਬੰਧੀ ਸਲਾਹ ਨਹੀਂ ਮੰਨਿਆ ਜਾਵੇਗਾ। ਨਿਵੇਸ਼ ਸਲਾਹਕਾਰਾਂ ਨੂੰ ਸੇਬੀ ਤੋਂ ਰਜਿਸਟਰੇਸ਼ਨ ਪ੍ਰਾਪਤ ਕਰਨਾ ਪਵੇਗਾ ਅਤੇ ਕੋਡ ਆਫ਼ ਕੰਡਕਟ ਦੀ ਪਾਲਣਾ ਕਰਨੀ ਪਵੇਗੀ।

ਸੇਬੀ ਰਜਿਸਟ੍ਰਸ਼ਨ ਤੋਂ ਬਿਨਾਂ ਨਿਵੇਸ਼ ਸਲਾਹਕਾਰ ਦੇ ਤੌਰ 'ਤੇ ਕੰਮ ਕਰਨਾ ਗੈਰ-ਕਨੂੰਨੀ ਹੈ। ਸੇਬੀ ਅਜਿਹੀ ਗੈਰ-ਕਨੂੰਨੀ ਕਿਰਿਆ ਨੂੰ ਰੋਕਣ ਲਈ ਠੋਸ ਜਤਨ ਕਰ ਰਿਹਾ ਹੈ। ਹੋ ਸਕਦਾ ਹੈ ਕੁਝ ਬੇਈਮਾਨ ਅਤੇ ਅਣਜਾਣ ਸੰਸਥਾਵਾਂ ਆਪਣਾ ਰਜਿਸਟਰੇਸ਼ਨ ਨਾ ਕਰਵਾ ਪਾਉਣ, ਅਤੇ, ਜਾਂ, ਕੋਡ ਆਫ਼ ਕੰਡਕਟ ਦੀ ਪਾਲਣਾ ਨਾ ਕਰਨ। ਨਿਵੇਸ਼ ਸਲਾਹਕਾਰਾਂ ਨੂੰ ਆਪਣੇ ਆਪ ਨੂੰ ਸਲਾਹ ਦੇਣ ਤੱਕ ਸੀਮਿਤ ਕਰਨਾ ਪਵੇਗਾ ਅਤੇ ਉਹ ਨਕਦ ਜਾਂ ਸਿਕਯੁਰਟੀਜ਼ ਵਿੱਚ ਕਾਰੋਬਾਰ ਨਹੀਂ ਕਰਦੇ।

ਨਿਵੇਸ਼ ਸਲਾਹਕਾਰਾਂ (ਆਈ.ਏ.) ਵਜੋਂ ਕੰਮ ਕਰਨ ਵਾਲੀਆਂ ਪੰਜੀਕ੍ਰਿਤ ਅਤੇ ਅਪੰਜੀਕ੍ਰਿਤ ਸੰਸਥਾਵਾਂ ਦੀਆਂ ਕਿਰਿਆਵਾਂ ਨਾਲ ਜੁੜੇ, ਸੇਬੀ ਨੂੰ ਰਿਪੋਰਟ ਕੀਤੇ ਗਏ, ਕੁਝ ਗਲਤ ਕੰਮਾਂ ਵਿੱਚ ਇਹ ਸ਼ਾਮਲ ਹਨ:

- ਨਿਵੇਸ਼ ਸਲਾਹਕਾਰਾਂ ਦੁਆਰਾ ਕਲਾਇੰਟਸ ਨੂੰ ਨਿਸ਼ਚਿਤ ਰਿਟਰਨਸ ਦੀ ਪੇਸ਼ਕਸ਼ ਕਰਨਾ।
- ਵੱਧ ਰਿਟਰਨਸ ਦੇ ਝੂਠੇ ਵਾਅਦੇ ਨਾਲ ਕਲਾਇੰਟ ਤੋਂ ਬਹੁਤ ਜ਼ਿਆਦਾ ਫ਼ੀਸ ਵਸੂਲਣਾ।
- ਵੱਧ ਫ਼ੀਸ ਕਮਾਉਣ ਲਈ ਕਲਾਇੰਟ ਦੇ ਜੋਖਮ ਪ੍ਰੋਫ਼ਾਈਲ ਦੀ ਪਾਲਣਾ ਕੀਤੇ ਬਿਨਾਂ ਆਈ.ਏ. ਦਾ ਗਲਤ ਤਰੀਕੇ ਨਾਲ ਵਿਕਰੀ ਕਰਨਾ। ਕਲਾਇੰਟ ਨੂੰ ਹੋਏ ਨੁਕਸਾਨ ਲਈ ਫ਼ੀਸ ਵਾਪਸ ਕਰਨ ਲਈ ਸ਼ਿਕਾਇਤਾਂ ਪ੍ਰਾਪਤ ਹੋਣ 'ਤੇ, ਆਈ.ਏ. ਇਸ ਵਾਅਦੇ ਨਾਲ ਕਲਾਇੰਟਸ ਨੂੰ ਜ਼ਿਆਦਾ ਜੋਖਮ ਵਾਲੇ ਉਤਪਾਦ ਪੇਸ਼ ਕਰਦੇ ਹਨ ਕਿ ਉਹ ਉਨ੍ਹਾਂ ਦੇ ਨੁਕਸਾਨ ਦੀ ਭਰਪਾਈ ਕਰਨਗੇ।
- ਕਲਾਇੰਟਸ ਵੱਲੋਂ ਟ੍ਰੇਡਿੰਗ ਕਰਨਾ।
- ਆਈ.ਏ. ਵੱਲੋਂ ਮਾੜੀ ਸਰਵਿਸ ਜਿਸ ਕਰਕੇ ਕਲਾਇੰਟਸ ਨੂੰ ਰਕਮ ਦਾ ਨੁਕਸਾਨ ਹੁੰਦਾ ਹੈ। - ਰਿਫੰਡ -ਸੰਬੰਧੀ ਸਮੱਸਿਆਵਾਂ।
- ਸਰਵਿਸ ਨੂੰ ਆਪਣੇ ਆਪ ਜ਼ਿਆਦਾ ਜੋਖਮ ਵਾਲੇ ਅਜਿਹੇ ਉਤਪਾਦਾਂ 'ਤੇ ਅਪਗ੍ਰੇਡ ਕਰਨਾ ਜਾਂ ਬਦਲਣਾ, ਜੋ ਕਲਾਇੰਟ ਦੇ ਪ੍ਰੋਫ਼ਾਈਲ ਨਾਲ ਮੇਲ ਨਹੀਂ ਖਾਂਦੇ ਅਤੇ ਉਨ੍ਹਾਂ ਲਈ ਕਲਾਇੰਟ ਦੀ ਰਜ਼ਾਮੰਦੀ ਨਹੀਂ ਹੁੰਦੀ।

ਇਸਲਈ ਨਿਵੇਸ਼ਕਾਂ ਨੂੰ ਮਾਰਕਿਟ ਵਿੱਚ ਮੌਜੂਦ ਉੱਪਰ ਦੱਸੀਆਂ ਗਈਆਂ ਗੱਲਾਂ ਬਾਰੇ ਜਾਣੂ ਹੋਣ ਅਤੇ ਉਨ੍ਹਾਂ ਤੋਂ ਆਪਣਾ ਬਚਾਅ ਕਰਨ ਅਤੇ ਕੈਪਿਟਲ ਮਾਰਕਿਟਸ ਵਿੱਚ ਮਹਾਰਤ ਦਾ ਦਾਅਵਾ ਕਰਨ ਵਾਲੀਆਂ ਸੰਸਥਾਵਾਂ ਨਾਲ ਸਾਵਧਾਨੀ ਨਾਲ ਨਜਿੱਠਣ ਦੀ ਜ਼ਰੂਰਤ ਹੈ। ਨਿਵੇਸ਼ਕਾਂ ਨੂੰ ਸਿਰਫ਼ ਸੇਬੀ (ਇਨਵੈਸਟਮੈਂਟ ਐਡਵਾਇਜ਼ਰਸ) ਰੈਗੂਲੇਸ਼ਨਸ, ੨੦੧੩ [ਆਖ਼ਰੀ ਵਾਰ ੦੩ ਜੁਲਾਈ, ੨੦੨੦ ਨੂੰ ਸੋਧ ਕੀਤਾ ਗਿਆ] ਦੇ ਤਹਿਤ ਰਜਿਸਟਰਡ ਸੰਸਥਾਵਾਂ ਤੋਂ ਹੀ ਮਸ਼ਵਰਾ ਲੈਣ ਦੀ ਸਲਾਹ ਦਿੱਤੀ ਜਾਂਦੀ ਹੈ।

ਅਜਿਹੀਆਂ ਸੰਸਥਾਵਾਂ ਦੀ ਸੂਚੀ ਇਸ ਵੈੱਬਸਾਈਟ 'ਤੇ ਉਪਲਬਧ ਹੈ: https://www.sebi.gov.in.

ਨਿਵੇਸ਼ ਸਲਾਹਕਾਰਾਂ ਤੋਂ ਸਲਾਹ ਲੈਂਦੇ ਹੋਏ ਕਰਨ ਅਤੇ ਨਾ ਕਰਨ ਯੋਗ ਕੰਮ

| ਕਰਨ ਯੋਗ ਕੰਮ | ਨਾ ਕਰਨ ਯੋਗ ਕੰਮ |
|---|---|
| ਹਮੇਸ਼ਾ ਸੇਬੀ ਵਿੱਚ ਰਜਿਸਟਰਡ ਨਿਵੇਸ਼ ਸਲਾਹਕਾਰਾਂ ਤੋਂ ਸਲਾਹ ਲਵੋ। | ਅਪੰਜੀਕ੍ਰਿਤ ਸੰਸਥਾਵਾਂ ਤੋਂ ਸਲਾਹ ਨਾ ਲਵੋ। |
| ਸੇਬੀ ਰਜਿਸਟਰੇਸ਼ਨ ਨੰਬਰ ਚੈੱਕ ਕਰੋ। ਸੇਬੀ ਵਿੱਚ ਰਜਿਸਟਰਡ ਸਾਰੇ ਨਿਵੇਸ਼ ਸਲਾਹਕਾਰਾਂ ਦੀ ਸੂਚੀਸੇਬੀ ਦੀ ਵੈੱਬਸਾਈਟ ’ਤੇ ਉਪਲਬਧ ਹੈ। (https://www.sebi.gov.in) | ਨਿਵੇਸ਼-ਸੰਬੰਧੀ ਸਲਾਹ ਦੇ ਬਹਾਨੇ ਪੇਸ਼ ਕੀਤੇ ਜਾਣ ਵਾਲੇ ਸਟਾਕ ਟਿੱਪਸ ਦਾ ਸ਼ਿਕਾਰ ਨਾ ਬਣੋ। |
| ਇਹ ਯਕੀਨੀ ਬਣਾਓ ਕਿ ਨਿਵੇਸ਼ ਸਲਾਹਕਾਰ ਕੋਲ ਇੱਕ ਜਾਇਜ਼ ਰਜਿਸਟਰੇਸ਼ਨ ਸਰਟੀਫਿਕੇਟ ਹੈ। | ਨਿਵੇਸ਼ ਸਲਾਹਕਾਰ ਨੂੰ ਨਿਵੇਸ਼ ਕਰਨ ਲਈ ਆਪਣੀ ਰਕਮ ਨਾ ਦਿਓ। |
| ਆਪਣੇ ਨਿਵੇਸ਼ ਸਲਾਹਕਾਰ ਨੂੰ ਸਿਰਫ਼ ਸਲਾਹਕਾਰ ਫ਼ੀਸ ਦਿਓ। | ਨਿਸ਼ਚਿਤ ਰਿਟਰਨਸ ਦੇ ਵਾਅਦੇ ਦਾ ਸ਼ਿਕਾਰ ਨਾ ਬਣੋ। |
| ਸਿਰਫ਼ ਬੈਂਕਿੰਗ ਚੈਨਲਸ ਦੇ ਜ਼ਰੀਏ ਸਲਾਹਕਾਰ ਫ਼ੀਸ ਦਾ ਭੁਗਤਾਨ ਕਰੋ ਅਤੇ ਤੁਹਾਡੇ ਭੁਗਤਾਨਾਂ ਦੇ ਬਿਓਰੇ ਦਾ ਜ਼ਿਕਰ ਕਰਨ ਵਾਲੀਆਂ ਸਹੀ ਤਰੀਕੇ ਨਾਲ ਦਸਤਖ਼ਤ ਕੀਤੀਆਂ ਰਸੀਦਾਂ ਨੂੰ ਕਾਇਮ ਰੱਖੋ। | ਲਾਲਚ ਨੂੰ ਤਰਕਸੰਗਤ ਨਿਵੇਸ਼ ਦੇ ਫੈਸਲਿਆਂ ’ਤੇ ਹਾਵੀ ਨਾ ਹੋਣ ਦਿਓ। ਲੁਭਾਵਣੇ ਇਸ਼ਤਿਹਾਰਾਂ ਜਾਂ ਮਾਰਕਿਟ ਦੀਆਂ ਅਫਵਾਹਾਂ ਵੱਲ ਆਕਰਸ਼ਿਤ ਨਾ ਹੋਵੋ। |
| ਹਮੇਸ਼ਾ ਨਿਵੇਸ਼-ਸੰਬੰਧੀ ਸਲਾਹ ਨੂੰ ਸਵੀਕਾਰ ਕਰਨ ਤੋਂ ਪਹਿਲਾਂ ਆਪਣੇ ਜੋਖਮ ਪ੍ਰੋਫ਼ਾਈਲ ਬਾਰੇ ਪੁੱਛੋ। | ਸਿਰਫ਼ ਕਿਸੇ ਵੀ ਨਿਵੇਸ਼ ਸਲਾਹਕਾਰ ਜਾਂ ਉਸਦੇ ਨੁਮਾਇੰਦਿਆਂ ਵੱਲੋਂ ਫ਼ੋਨ ਕਾਲਾਂ ਜਾਂ ਸੁਨੇਹਿਆਂ ਦੇ ਅਧਾਰ ’ਤੇ ਲੈਣ-ਦੇਣ ਕਰਨ ਤੋਂ ਬਚੋ। |
| ਇਸ ’ਤੇ ਜ਼ੋਰ ਦਿਓ ਕਿ ਨਿਵੇਸ਼ ਸਲਾਹਕਾਰ ਸਖ਼ਤ ਤੌਰ ’ਤੇ ਤੁਹਾਡੇ ਜੋਖਮ ਪ੍ਰੋਫ਼ਾਈਲ ਦੇ ਅਧਾਰ ’ਤੇ ਸਲਾਹ ਪ੍ਰਦਾਨ ਕਰਦਾ ਹੈ ਅਤੇ ਨਿਵੇਸ਼ ਦੇ ਉਪਲਬਧ ਵਿਕਲਪਾਂ ਨੂੰ ਧਿਆਨ ਵਿੱਚ ਰੱਖੋ। | ਸਿਰਫ਼ ਨਿਵੇਸ਼ ਸਲਾਹਕਾਰਾਂ ਤੋਂ ਵਾਰ-ਵਾਰ ਆਉਣ ਵਾਲੇ ਸੁਨੇਹਿਆਂ ਅਤੇ ਕਾਲਾਂ ਕਰਕੇ ਫੈਸਲੇ ਨਾ ਲਵੋ। |
| ਸਲਾਹ ’ਤੇ ਕੋਈ ਕਦਮ ਚੁੱਕਣ ਤੋਂ ਪਹਿਲਾਂ ਆਪਣੇ ਨਿਵੇਸ਼ ਸਲਾਹਕਾਰ ਤੋਂ ਸਾਰੇ ਢੁੱਕਵੇਂ ਸਵਾਲ ਪੁੱਛੋ ਅਤੇ ਆਪਣੇ ਸ਼ੱਕਾਂ ਨੂੰ ਦੂਰ ਕਰੋ। | ਨਿਵੇਸ਼ ਸਲਾਹਕਾਰਾਂ ਵੱਲੋਂ ਪੇਸ਼ ਕੀਤੀ ਜਾਣ ਵਾਲੀ ਸੀਮਿਤ ਸਮੇਂ ਲਈ ਛੋਟ ਜਾਂ ਹੋਰ ਲਾਭ, ਤੋਹਫ਼ਿਆਂ, ਆਦਿ ਵੱਲ ਆਕਰਸ਼ਿਤ ਨਾ ਹੋਵੋ। |
| ਨਿਵੇਸ਼ ਕਰਨ ਤੋਂ ਪਹਿਲਾਂ ਨਿਵੇਸ਼ ਦੇ ਜੋਖਮ - ਰਿਟਰਨ ਪ੍ਰੋਫ਼ਾਈਲ ਦੇ ਨਾਲ-ਨਾਲ ਨਕਦੀ ਅਤੇ ਸੁਰੱਖਿਆ ਦੇ ਪਹਿਲੂਆਂ ਦਾ ਮੁਲਾਂਕਣ ਕਰੋ। | ਅਜਿਹੇ ਨਿਵੇਸ਼ ਕਰਨ ਵਿੱਚ ਜਲਦਬਾਜ਼ੀ ਨਾ ਕਰੋ ਜੋ ਤੁਹਾਡੀ ਜੋਖਮ ਲੈਣ ਦੀ ਸਮਰੱਥਾ ਅਤੇ ਨਿਵੇਸ਼ ਦੇ ਟੀਚਿਆਂ ਨਾਲ ਮੇਲ ਨਹੀਂ ਖਾਂਦੇ। |
| ਨਿਯਮਾਂ ਅਤੇ ਸ਼ਰਤਾਂ ਨੂੰ ਲਿਖਤੀ, ਸਹੀ ਤਰੀਕੇ ਨਾਲ ਦਸਤਖ਼ਤ ਕੀਤੇ ਅਤੇ ਮੁਹਰ ਲੱਗੇ ਰੂਪ ਵਿੱਚ ਪ੍ਰਾਪਤ ਕਰਨ ’ਤੇ ਜ਼ੋਰ ਦਿਓ। ਕਿਸੇ ਵੀ ਨਿਵੇਸ਼ ਸਲਾਹਕਾਰ ਤੋਂ ਸਲਾਹ ਲੈਣ ਤੋਂ ਪਹਿਲਾਂ ਇਨ੍ਹਾਂ ਨਿਯਮਾਂ ਅਤੇ ਸ਼ਰਤਾਂ ਨੂੰ ਧਿਆਨ ਨਾਲ ਪੜ੍ਹੋ, ਖ਼ਾਸ ਤੌਰ ’ਤੇ ਸਲਾਹਕਾਰ ਫ਼ੀਸ, ਸਲਾਹਕਾਰ ਦੇ ਪਲਾਨਸ, ਸਿਫ਼ਾਰਸ਼ਾਂ ਦੀ ਸ਼ਰੇਣੀ ਆਦਿ ਦੇ ਸੰਬੰਧ ਵਿੱਚ। | |
| ਆਪਣੇ ਲੈਣ-ਦੇਣ ਵਿੱਚ ਸਾਵਧਾਨ ਰਹੋ। | |
| ਆਪਣੇ ਸ਼ੱਕਾਂ / ਸ਼ਿਕਾਇਤਾਂ ਦੇ ਨਿਪਟਾਰੇ ਲਈ ਉਚਿਤ ਅਥਾਰਟੀਆਂ ਨਾਲ ਸੰਪਰਕ ਕਰੋ। | |
| ਨਿਸ਼ਚਿਤ ਜਾਂ ਗਰੰਟੀਸ਼ੁਦਾ ਰਿਟਰਨਸ ਪੇਸ਼ ਕਰਨ ਵਾਲੇ ਨਿਵੇਸ਼ ਸਲਾਹਕਾਰਾਂ ਬਾਰੇ ਸੇਬੀ ਨੂੰ ਸੂਚਿਤ ਕਰੋ। | |

# ੩੫

**ਅਨੁਲੱਗ – ੪**
**(ਏ.ਐੱਸ.ਬੀ.ਏ. ਵਿੱਚ ਯੂਨਿਫ਼ਾਇਡ ਪੇਮੈਂਟ ਇੰਟਰਫੇਸ (ਯੂ.ਪੀ.ਆਈ.))**

ਹੁਣ ਨਿਵੇਸ਼ਕ ਭੁਗਤਾਨ ਵਿਧੀ ਦੇ ਤੌਰ 'ਤੇ ਯੂਨਿਫ਼ਾਇਡ ਪੇਮੈਂਟ ਇੰਟਰਫੇਸ (ਯੂ.ਪੀ.ਆਈ.) ਨੂੰ ਵਰਤ ਕੇ ਆਈ.ਪੀ.ਓ. ਵਿੱਚ ਨਿਵੇਸ਼ ਕਰ ਸਕਦੇ ਹਨ। ਯੂ.ਪੀ.ਆਈ. ਇੱਕ ਸਿਸਟਮ ਹੈ ਜੋ ਕਈ ਬੈਂਕ ਅਕਾਉਂਟਸ ਨੂੰ ਇੱਕੋ ਮੋਬਾਈਲ ਐਪ (ਕਿਸੇ ਵੀ ਪ੍ਰਤੀਭਾਗੀ ਬੈਂਕ ਦੀ) ਵਿੱਚ ਸ਼ਾਮਲ ਕਰਦਾ ਹੈ, ਜਿਸ ਵਿੱਚ ਕਈ ਬੈਂਕਿੰਗ ਫ਼ੀਚਰਸ, ਸਹਿਜ ਰਕਮ ਟ੍ਰਾਂਸਫਰ ਅਤੇ ਕਾਰੋਬਾਰੀ ਭੁਗਤਾਨ ਇੱਕੋ ਮਕੈਨਿਜ਼ਮ ਵਿੱਚ ਸ਼ਾਮਲ ਹੁੰਦੇ ਹਨ।

UNIFIED PAYMENTS INTERFACE

**ਯੂ.ਪੀ.ਆਈ. ਨੂੰ ਵਰਤ ਕੇ ਨਿਵੇਸ਼ ਕਰਨ ਦਾ ਤਰੀਕਾ:**

ਯੂ.ਪੀ.ਆਈ. ਦੇ ਜ਼ਰੀਏ ਆਈ.ਪੀ.ਓ. ਵਿੱਚ ਨਿਵੇਸ਼ ਕਰਨ ਦੀ ਪ੍ਰਕਿਰਿਆ ਵਿੱਚ ਹੇਠਾਂ ਦੱਸੇ ਗਏ ੩ ਮੁੱਖ ਕਦਮ ਸ਼ਾਮਲ ਹਨ:

ਏ.

ਯੂ.ਪੀ.ਆਈ. ਦੇ ਜ਼ਰੀਏ ਬੋਲੀ ਲਗਾਉਣਾ: ਨਿਵੇਸ਼ਕਾਂ ਨੂੰ ਅਰਜ਼ੀ ਫ਼ਾਰਮ ਵਿੱਚ ਆਪਣੇ ਯੂ.ਪੀ.ਆਈ. ਆਈ.ਡੀ. ਦੇ ਨਾਲ ਬੋਲੀ ਦਾ ਬਿਓਰਾ ਭਰਨਾ ਪਵੇਗਾ। ਇੰਟਰਮੀਡੀਅਰੀ ਕੋਲ ਅਰਜ਼ੀਆਂ ਜਮ੍ਹਾਂ ਕੀਤੀਆਂ ਜਾ ਸਕਦੀਆਂ ਹਨ ਜੋ ਸਟਾਕ ਐਕਸਚੇਂਜ ਦੇ ਬਿਡਿੰਗ ਪਲੇਟਫ਼ਾਰਮ ਵਿੱਚ ਯੂ.ਪੀ.ਆਈ. ਆਈ.ਡੀ. ਦੇ ਨਾਲ ਬੋਲੀ ਦਾ ਬਿਓਰਾ ਅਪਲੋਡ ਕਰੇਗਾ। ਸਟਾਕ ਐਕਸਚੇਂਜ ਜਾਰੀਕਰਤਾ ਕੰਪਨੀ ਵੱਲੋਂ ਨਿਯੁਕਤ ਕੀਤੇ ਗਏ ਐੱਸਕ੍ਰੋ/ ਪ੍ਰਾਯੋਜਕ ਬੈਂਕ ਨਾਲ ਇਲੈਕਟ੍ਰਾਨਿਕ ਤਰੀਕੇ ਨਾਲ ਨਿਵੇਸ਼ਕਾਂ ਦੇ ਯੂ.ਪੀ.ਆਈ. ਆਈ.ਡੀ. ਸਮੇਤ ਬੋਲੀ ਦਾ ਬਿਓਰਾ ਸਾਂਝਾ ਕਰੇਗੀ।

ਬੀ.

ਰਕਮ ਬਲਾਕ ਕਰਨਾ: ਐੱਸਕ੍ਰੋ/ ਪ੍ਰਾਯੋਜਕ ਬੈਂਕ ਨਿਵੇਸ਼ਕ ਨੂੰ ਭੁਗਤਾਨਯੋਗ ਰਕਮ ਦੇ ਬਰਾਬਰ ਰਕਮ ਨੂੰ ਬਲਾਕ ਕਰਨ ਅਤੇ ਬਾਅਦ ਵਿੱਚ ਅਲਾਟਮੈਂਟ ਦੀ ਸਥਿਤੀ ਵਿੱਚ ਰਕਮ ਦੇ ਡੈਬਿਟ ਦਾ ਅਧਿਕਾਰ ਦੇਣ ਲਈ ਬੇਨਤੀ ਕਰੇਗਾ। ਨਿਵੇਸ਼ਕ ਵੱਲੋਂ ਬਲਾਕ ਕਰਨ ਦੀ ਬੇਨਤੀ ਦੀ ਤਸਦੀਕ ਹੋਣ ਤੋਂ ਬਾਅਦ, ਨਿਵੇਸ਼ਕਾਂ ਦੇ ਅਕਾਉਂਟ ਵਿੱਚ ਰਕਮ ਬਲਾਕ ਕਰ ਦਿੱਤੀ ਜਾਵੇਗੀ ਅਤੇ ਨਿਵੇਸ਼ਕਾਂ ਨੂੰ ਉਸ ਬਾਰੇ ਸੂਚਿਤ ਕਰ ਦਿੱਤਾ ਜਾਵੇਗਾ।

ਸੀ.

ਐਲੋਕੇਸ਼ਨ ਪ੍ਰਕਿਰਿਆ ਤੋਂ ਬਾਅਦ ਸ਼ੇਅਰਸ ਲਈ ਭੁਗਤਾਨ: ਸ਼ੇਅਰ ਐਲੋਕੇਟ ਹੋਣ ਤੋਂ ਬਾਅਦ, ਨਿਵੇਸ਼ਕਾਂ ਦੇ ਅਕਾਉਂਟ ਵਿੱਚੋਂ ਰਕਮ ਡੈਬਿਟ ਕਰਨ ਦੀ ਪ੍ਰਕਿਰਿਆ ਹੋਵੇਗੀ ਅਤੇ ਵਾਧੂ ਰਕਮ ਅਨਬਲਾਕ ਕਰ ਦਿੱਤੀ ਜਾਵੇਗੀ। ਇਹ ਪ੍ਰਕਿਰਿਆ ਰਕਮ ਬਲਾਕ ਕਰਨ ਵੇਲੇ ਨਿਵੇਸ਼ਕ ਦੁਆਰਾ ਯੂ.ਪੀ.ਆਈ. ਪਿੰਨ ਨੂੰ ਵਰਤ ਕੇ ਦਿੱਤੇ ਗਏ ਅਧਿਕਾਰ ਦੇ ਅਧਾਰ 'ਤੇ ਹੋਵੇਗੀ।

**ਆਈ.ਪੀ.ਓ. ਵਿੱਚ ਨਿਵੇਸ਼ ਕਰਨ ਲਈ ਯੂ.ਪੀ.ਆਈ. ਦੀ ਵਰਤੋਂ ਕਰਦੇ ਹੋਏ ਯਾਦ ਰੱਖਣ ਲਈ ਚੀਜ਼ਾਂ:**

- ਉਸ ਬੈਂਕ ਵਿੱਚ ਆਪਣਾ ਯੂ.ਪੀ.ਆਈ. ਆਈ.ਡੀ. ਬਣਾਓ ਜਿਸਦੇ ਨਾਂ ਦਾ ਜ਼ਿਕਰ, ਸੇਬੀ ਦੀ ਵੈੱਬਸਾਈਟ 'ਤੇ ਉਪਲਬਧ, 'ਜਾਰੀਕਰਤਾ ਬੈਂਕ ਵੱਜੋਂ ਕੰਮ ਕਰਨ ਲਈ ਯੋਗ ਸੈਲਫ਼-ਸਰਟਿਫਾਇਡ ਸਿੰਡੀਕੇਟ ਬੈਂਕਸ (ਐੱਸ.ਸੀ.ਐੱਸ.ਬੀ.) ਦੀ ਸੂਚੀ' ਵਿੱਚ ਕੀਤਾ ਗਿਆ ਹੈ।
- ਸਿਰਫ਼ ਉਨ੍ਹਾਂ ਮੋਬਾਈਲ ਐਪਲੀਕੇਸ਼ਨਾਂ ਅਤੇ ਯੂ.ਪੀ.ਆਈ. ਹੈਂਡਲਸ ਦੀ ਵਰਤੋਂ ਕਰੋ, ਸੇਬੀ ਦੀ ਵੈੱਬਸਾਈਟ 'ਤੇ ਉਪਲਬਧ, 'ਪਬਲਿਕ ਇਸ਼ੂਜ਼ ਵਿੱਚ ਯੂ.ਪੀ.ਆਈ. ਦੀ ਵਰਤੋਂ ਕਰਨ ਲਈ ਮੋਬਾਈਲ ਐਪਲੀਕੇਸ਼ਨਾਂ ਦੀ ਸੂਚੀ' ਵਿੱਚ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ।
- ਭੁਗਤਾਨ ਵਿਧੀ ਦੇ ਤੌਰ 'ਤੇ ਯੂ.ਪੀ.ਆਈ. ਨਾਲ ਆਪਣੇ ਅਰਜ਼ੀ ਫ਼ਾਰਮ ਸਿਰਫ਼ ਕਿਸੇ ਸਿੰਡੀਕੇਟ ਮੈਂਬਰ, ਜਾਂ ਰਜਿਸਟਰਡ ਸਟਾਕ ਬ੍ਰੋਕਰ, ਜਾਂ ਰਜਿਸਟ੍ਰਾਰ ਅਤੇ ਟ੍ਰਾਂਸਫਰ ਏਜੰਟ ਜਾਂ ਡਿਪਾਜ਼ਿਟਰੀ ਪਾਰਟਿਸਿਪੈਂਟ ਕੋਲ ਜਮ੍ਹਾਂ ਕਰੋ।
- ਆਈ.ਪੀ.ਓ. ਦੀ ਅਰਜ਼ੀ ਲਈ ਸੀਮਾ ਯੂ.ਪੀ.ਆਈ. 'ਤੇ ਰੁ. ੨ ਲੱਖ ਪ੍ਰਤੀ ਟ੍ਰਾਂਜ਼ੈਕਸ਼ਨ ਹੈ ਅਤੇ ਸਿਰਫ਼ ਰਿਟੇਲ ਵਿਅਕਤੀਗਤ ਨਿਵੇਸ਼ਕਾਂ ਲਈ ਉਪਲਬਧ ਹੈ।
- ਥਰਡ ਪਾਰਟੀ ਯੂ.ਪੀ.ਆਈ. ਆਈ.ਡੀ. ਜਾਂ ਕਿਸੇ ਥਰਡ ਪਾਰਟੀ ਬੈਂਕ ਅਕਾਉਂਟ ਦੀ ਵਰਤੋਂ ਕਰਨ ਵਾਲੇ ਨਿਵੇਸ਼ਕਾਂ ਬਾਰੇ ਐਲੋਕੇਸ਼ਨ ਲਈ ਵਿਚਾਰ ਨਹੀਂ ਕੀਤਾ ਜਾਵੇਗਾ।



## ਅਨੁਲੱਗ - V
## ਸ਼ਬਦਾਵਲੀ

| | ਸੰਖੇਪ | ਪੂਰਾ ਰੂਪ |
|---|---|---|
| ੧ | ਏਐੱਮਸੀ | ਸਾਲਾਨਾ ਰੱਖਰਖਾਵ ਦਾ ਸ਼ੁਲਕ |
| ੨ | ਏਐੱਸਬੀਏ | ਬਲਾਕ ਕੀਤੀ ਰਕਮ ਦੁਆਰਾ ਸਮਰਥਿਤ ਅਰਜ਼ੀ |
| ੩ | ਬੀਐੱਸਡੀਏ | ਬੇਸਿਕ ਸਰਵਿਸਿਜ਼ ਡੀਮੈਟ ਅਕਾਉਂਟ |
| ੪ | ਸੀਏਐੱਸ | ਕਨਸਾਲਿਡੇਟਿਡ ਅਕਾਉਂਟ ਸਟੇਟਮੈਂਟ |
| ੫ | ਸੀਡੀਐੱਸਐੱਲ | ਸੈਂਟ੍ਰਲ ਡਿਪਾਜ਼ਿਟਰੀ ਸਰਵਿਸਿਜ਼ (ਇੰਡੀਆ) ਲਿਮਿਟਿਡ |
| ੬ | ਡੀਮੈਟ | ਡੀਮੈਟੀਰੀਅਲਾਇਜ਼ ਕੀਤੇ |
| ੭ | ਡੀਪੀ | ਡਿਪਾਜ਼ਿਟਰੀ ਪਾਰਟਿਸਿਪੈਂਟ |
| ੮ | ਆਈਏ | ਨਿਵੇਸ਼ ਸਲਾਹਕਾਰ |
| ੯ | ਆਈਜੀਆਰਸੀ | ਇਨਵੈਸਟਰ ਗ੍ਰੀਵੈਂਸ ਰੀਡ੍ਰੈਸਲ ਕਮੇਟੀ |
| ੧੦ | ਆਈਜੀਆਰਪੀ | ਇਨਵੈਸਟਰ ਗ੍ਰੀਵੈਂਸ ਰੇਜ਼ਲਿਉਸ਼ਨ ਪੈਨਲ |
| ੧੧ | ਆਈਪੀਓ | ਸ਼ੁਰੂਆਤੀ ਜਨਤਕ ਪੇਸ਼ਕਸ਼ |
| ੧੨ | ਕੇਆਈਐੱਨ | ਕੇ ਵਾਈ ਸੀ ਪਛਾਣ ਸੰਖਿਆ |
| ੧੩ | ਕੇਵਾਈਸੀ | ਨੋ ਯੋਰ ਕਲਾਇੰਟ |
| ੧੪ | ਐੱਮਆਈਆਈ | ਮਾਰਕਿਟ ਇਨਫ੍ਰਾਸਟ੍ਰਕਚਰ ਇੰਟਰਮੀਡੀਅਰੀਜ਼ |
| ੧੫ | ਐੱਮਐੱਸਈ | ਮੇਟ੍ਰੋਪਾਲਿਟਨ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਿਟਿਡ |
| ੧੬ | ਐੱਨਐੱਸਡੀਐੱਲ | ਨੈਸ਼ਨਲ ਸਿਕਯੁਰਟੀਜ਼ ਡਿਪਾਜ਼ਿਟਰੀ ਲਿਮਿਟਿਡ |
| ੧੭ | ਐੱਨਐੱਸਈ ਲਿਮਿ. | ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਿਟਿਡ |
| ੧੮ | ਪੈਨ | ਸਥਾਈ ਖਾਤਾ ਨੰਬਰ |
| ੧੯ | ਪੀਓਏ | ਪਾਵਰ ਆਫ਼ ਅਟਾਰਨੀ |
| ੨੦ | ਸਕੋਰਸ | ਸੇਬੀ ਕੰਪਲੇਂਟਸ ਰੀਡ੍ਰੈਸ ਸਿਸਟਮ |
| ੨੧ | ਸੇਬੀ | ਸਿਕਯੁਰਟੀਜ਼ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ |
| ੨੨ | ਐੱਸਐੱਮਐੱਸ | ਸੰਖੇਪ ਸੁਨੇਹਾ ਸੇਵਾ |
| ੨੩ | ਯੂਸੀਸੀ | ਯੂਨੀਕ ਕਲਾਇੰਟ ਕੋਡ |
| ੨੪ | ਯੂਆਈਡੀ | ਵਿਲੱਖਣ ਪਛਾਣ |

**ਸੇਬੀ ਦੀਆਂ ਨਿਵੇਸ਼ਕ ਜਾਗਰੂਕਤਾ ਪਹਿਲਕਦਮੀਆਂ**

- ਰਿਸੋਰਸ ਪਰਸਨਸ ਪ੍ਰੋਗਰਾਮ:

  ਵੱਖੋ-ਵੱਖ ਟੀਚਾ ਸਮੂਹਾਂ ਜਿਵੇਂ ਸੇਵਾਨਿਵਿਰਤ ਲੋਕ, ਗਰਿਹਣੀਆਂ, ਸਵੈ-ਸੇਵਾ ਸਮੂਹ, ਨੌਕਰੀਪੇਸ਼ਾ ਐਗਜ਼ਿਕਿਉਟਿਵਜ਼, ਆਦਿ ਲਈ ਟੀਅਰ ੨/ ਟੀਅਰ ੩ ਸ਼ਹਿਰਾਂ/ ਕਸਬਿਆਂ ਅਤੇ ਉਨ੍ਹਾਂ ਦੀ ਸਥਾਨਕ ਭਾਸ਼ਾ ਵਿੱਚ ਸੇਬੀ ਦੁਆਰਾ ਨਿਯੁਕਤ ਕੀਤੇ ਰਿਸੋਰਸ ਪਰਸਨਸ ਦੁਆਰਾ ਸੰਚਾਲਿਤ ਵਿੱਤੀ ਸਿੱਖਿਆ ਪ੍ਰੋਗਰਾਮ।

- ਸੇਬੀ ਦੇ ਪ੍ਰੋਗਰਾਮਸ ਵਿੱਚ ਵਿਜ਼ਿਟ:

  ਕਾਲਜ, ਸਕੂਲਾਂ ਅਤੇ ਪੇਸ਼ੇਵਰ ਸੰਸਥਾਵਾਂ ਦੇ ਉਨ੍ਹਾਂ ਵਿਦਿਆਰਥੀਆਂ ਲਈ ਸੰਚਾਲਿਤ ਨਿਵੇਸ਼ਕ ਜਾਗਰੂਕਤਾ ਪ੍ਰੋਗਰਾਮਸ ਜੋ ਇਨ੍ਹਾਂ ਪ੍ਰੋਗਰਾਮਸ ਲਈ ਸੇਬੀ ਦੇ ਦਫ਼ਤਰਾਂ ਵਿੱਚ ਆਉਂਦੇ ਹਨ।

- ਖੇਤਰੀ ਸੈਮੀਨਾਰ:

  ਸਟਾਕ ਐਕਸਚੇਂਜਿਜ਼, ਡਿਪਾਜ਼ਿਟਰੀਜ਼, ਏ.ਐੱਮ.ਐੱਫ਼.ਆਈ., ਕਮੋਡਿਟੀਜ਼ ਡੈਰੀਵੇਟਿਵ ਐਕਸਚੇਂਜਿਜ਼ ਆਦਿ ਦੇ ਨਾਲ ਤਾਲਮੇਲ ਵਿੱਚ ਸੇਬੀ ਦੁਆਰਾ ਸੰਚਾਲਿਤ ਨਿਵੇਸ਼ਕ ਸਿੱਖਿਆ ਪ੍ਰੋਗਰਾਮ।

- ਇਨਵੈਸਟਰ ਐਸੋਸਿਏਸ਼ਨਸ (ਆਈ.ਏ.) ਦੇ ਜ਼ਰੀਏ ਨਿਵੇਸ਼ਕ ਜਾਗਰੂਕਤਾ ਪ੍ਰੋਗਰਾਮ:

  ਟੀਅਰ ੨/ ਟੀਅਰ ੩ ਸ਼ਹਿਰਾਂ/ ਕਸਬਿਆਂ ਵਿੱਚ ਸੇਬੀ ਵੱਲੋਂ ਮਾਨਤਾ ਪ੍ਰਾਪਤ ਇਨਵੈਸਟਰ ਐਸੋਸਿਏਸ਼ਨਸ (ਆਈ.ਏ.) ਦੁਆਰਾ ਸੰਚਾਲਿਤ ਸ਼ੇਅਰ ਮਾਰਕਿਟ ਵਿੱਚ ਨਿਵੇਸ਼ਕ ਸਿੱਖਿਆ ਪ੍ਰੋਗਰਾਮ।

- ਕਮੋਡਿਟੀਜ਼ ਡੈਰੀਵੇਟਿਵ ਟ੍ਰੇਨਰਸ (ਸੀ.ਓ.ਟੀ.) ਦੇ ਜ਼ਰੀਏ ਨਿਵੇਸ਼ਕ ਜਾਗਰੂਕਤਾ ਪ੍ਰੋਗਰਾਮ:

  ਟੀਅਰ ੨/ ਟੀਅਰ ੩ਸ਼ਹਿਰਾਂ/ ਕਸਬਿਆਂ ਵਿੱਚ ਸੇਬੀ ਵੱਲੋਂ ਮਾਨਤਾ ਪ੍ਰਾਪਤ ਕਮੋਡਿਟੀਜ਼ ਡੈਰੀਵੇਟਿਵ ਟ੍ਰੇਨਰਸ (ਸੀ.ਓ.ਟੀ.) ਦੁਆਰਾ ਸੰਚਾਲਿਤ ਕਮੋਡਿਟੀਜ਼ ਡੈਰੀਵੇਟਿਵਜ਼ ਵਿੱਚ ਨਿਵੇਸ਼ਕ ਸਿੱਖਿਆ ਪ੍ਰੋਗਰਾਮ।

- ਸਿਕਯੁਰਟੀ ਮਾਰਕਿਟ ਟ੍ਰੇਨਰਸ (ਸਮਾਰਟਸ) ਦੇ ਜ਼ਰੀਏ ਨਿਵੇਸ਼ਕ ਜਾਗਰੂਕਤਾ ਪ੍ਰੋਗਰਾਮ:

  ਟੀਅਰ ੨/ ਟੀਅਰ ੩ ਸ਼ਹਿਰਾਂ/ ਕਸਬਿਆਂ ਵਿੱਚ ਸੇਬੀ ਵੱਲੋਂ ਮਾਨਤਾ ਪ੍ਰਾਪਤ ਸਿਕਯੁਰਟੀ ਮਾਰਕਿਟ ਟ੍ਰੇਨਰਸ (ਸਮਾਰਟਸ) ਦੁਆਰਾ ਸੰਚਾਲਿਤ ਸ਼ੇਅਰ ਮਾਰਕਿਟ ਵਿੱਚ ਨਿਵੇਸ਼ਕ ਸਿੱਖਿਆ ਪ੍ਰੋਗਰਾਮ।

ਇਨ੍ਹਾਂ ਨਿਵੇਸ਼ਕ ਜਾਗਰੂਕਤਾ ਪ੍ਰੋਗਰਾਮਾਂ ਦਾ ਬਿਓਰਾ ਸੇਬੀ ਦੀ ਨਿਵੇਸ਼ਕ ਵੈੱਬਸਾਈਟ 'ਤੇ ਵੇਖਿਆ ਜਾ ਸਕਦਾ ਹੈ: http://investor.sebi.gov.in

ਆਮ ਸਵਾਲ ਅਤੇ ਆਨਲਾਈਨ ਵਸੀਲੇ ਇਨ੍ਹਾਂ ਦੀਆਂ ਵੈੱਬਸਾਈਟਾਂ 'ਤੇ ਉਪਲਬਧ ਹਨ:

| | |
|---|---|
| ਵੈੱਬਸਾਈਟ: | www.sebi.gov.in |
| ਨਵਿੇਸ਼ਕ ਵੈੱਬਸਾਈਟ: | http://investor.sebi.gov.in |
| ਵੈੱਬਸਾਈਟ: | www.bseindia.com |
| ਵੈੱਬਸਾਈਟ: | www.nseindia.com |
| ਵੈੱਬਸਾਈਟ: | www.nsdl.co.in |
| ਵੈੱਬਸਾਈਟ: | www.cdslindia.com |
| ਵੈੱਬਸਾਈਟ: | www.msei.in |

ਸਿਕਯੁਰਟੀਜ਼ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ ਸੇਬੀ ਭਵਨ
ਪਲਾਟ ਨੰ. ਸੀ੪-ਏ,'ਜੀ' ਬਲਾਕ, ਬਾਂਦਰਾ ਕੁਰਲਾ ਕੰਪਲੈਕਸ,
ਬਾਂਦਰਾ (ਈਸਟ), ਮੁੰਬਈ - ੪੦੦ ੦੫੧
ਟੈਲੀ.: +੯੧-੨੨-੨੬੪੪੯੦੦੦/ ੪੦੪੫੯੦੦੦
ਵੈੱਬਸਾਈਟ: www.sebi.gov.in
ਨਿਵੇਸ਼ਕ ਵੈੱਬਸਾਈਟ: http://investor.sebi.gov.in
ਇੰਟਰਐਕਟਿਵ ਵੌਇਸ ਰਿਸਪਾਂਸ ਸਿਸਟਮ (ਆਈ.ਵੀ.ਆਰ.ਐੱਸ.):
ਟੈਲੀ.: +੯੧-੨੨-੨੬੪੪੯੯੫੦ / ੪੦੪੫੯੯੫੦
ਟੋਲ-ਫ੍ਰੀ ਨਿਵੇਸ਼ਕ ਹੈਲਪਲਾਈਨ: ੧੮੦੦ ੨੨ ੭੫੭੫ ਅਤੇ ੧੮੦੦ ੨੬੬ ੭੫੭੫
ਨਿਵੇਸ਼ਕਾਂ ਦੀਆਂ ਸ਼ਿਕਾਇਤਾਂ ਲਈ: https://scores.gov.in

ਬੀ.ਐੱਸ.ਈ. ਲਿਮਿਟਿਡ
੨੫ ਵੀਂ ਮੰਜ਼ਿਲ, ਪੀ. ਜੇ. ਟਾਵਰਸ, ਦਲਾਲ ਸਟ੍ਰੀਟ,
ਫ਼ੋਰਟ, ਮੁੰਬਈ - ੪੦੦ ੦੦੧
ਟੈਲੀ. : ੦੨੨ ੨੨੭੨੧੨੩੩/੩੪
ਵੈੱਬਸਾਈਟ: www.bseindia.com
ਈ-ਮੇਲ ਆਈ.ਡੀ.: is@bseindia.com

ਨੈਸ਼ਨਲ ਸਿਕਯੁਰਟੀਜ਼ ਡਿਪਾਜ਼ਿਟਰੀ ਲਿਮਿਟਿਡ
ਟ੍ਰੇਡ ਵਰਲਡ, 'ਏ' ਵਿੰਗ, ਚੌਥੀ ਅਤੇ 5ਵੀਂ ਮੰਜ਼ਿਲ, ਕਮਲਾ ਮਿਲਸ ਕੰਪਾਉਂਡ,
ਲੋਅਰ ਪਰੇਲ, ਮੁੰਬਈ - ੪੦੦ ੦੧੩
ਟੈਲੀ.: (੦੨੨) ੨੪੯੯ ੪੨੦੦ | ਫ਼ੈਕਸ: (੦੨੨) ੨੪੯੭ ੬੩੫੧
ਨਿਵੇਸ਼ਕ ਹੈਲਪਲਾਈਨ ਨੰ. ੧੮੦੦ ੧੦੨੦ ੯੯੦ / ੧੮੦੦ ੨੨੪ ੪੩੦
ਵੈੱਬਸਾਈਟ: www.nsdl.co.in

ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਿਟਿਡ
ਐਕਸਚੇਂਜ ਪਲਾਜ਼ਾ, ਸੀ-੧,ਬਲਾਕ ਜੀ, ਬਾਂਦਰਾ ਕੁਰਲਾ ਕੰਪਲੈਕਸ,
ਬਾਂਦਰਾ (ਈ.), ਮੁੰਬਈ - ੪੦੦ ੦੫੧
ਟੈਲੀ. ਨੰ.: (੦੨੨) ੨੬੫੯੮੧੦੦ - ੮੧੧੪
ਫ਼ੈਕਸ ਨੰ.: (੦੨੨) ੨੬੫੯੮੧੨੦

ਸੈਂਟ੍ਰਲ ਡਿਪਾਜ਼ਿਟਰੀ ਸਰਵਿਸਿਜ਼ (ਇੰਡੀਆ) ਲਿਮਿਟਿਡ
ਮੈਰਾਥਨ ਫਿਊਚਰੈਕਸ, ਏ ਵਿੰਗ, ੨੫ ਵੀਂ ਮੰਜ਼ਿਲ, ਮਫ਼ਤਲਾਲ ਮਿਲਸ ਕੰਪਾਉਂਡ,
ਐੱਨ. ਐੱਮ. ਜੋਸ਼ੀ ਮਾਰਗ, ਲੋਅਰ ਪਰੇਲ (ਈ.), ਮੁੰਬਈ - ੪੦੦ ੦੧੩.
ਟੋਲ-ਫ੍ਰੀ ਹੈਲਪਲਾਈਨ: ੧੮੦੦-੨੦੦-੫੫33
ਵੈੱਬਸਾਈਟ: www.cdslindia.com

ਮੇਟ੍ਰੋਪਾਲਿਟਨ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਿਟਿਡ
੨੦੫ ਏ, ਦੂਜੀ ਮੰਜ਼ਲ, ਪੀਰਮਲ ਅਗਸੱਤਯ ਕਾਰਪੋਰੇਟ ਪਾਰਕ,
ਸੁੰਦਰ ਬੰਗ ਲੇਨ, ਕਮਨੀ ਜੰਕਸ਼ਨ, ਐਲ.ਬੀ.ਐੱਸ. ਰੋਡ,
ਕੁਰਲਾ-ਵੈਸਟ, ਮੁੰਬਈ -੪੦੦੦੭੦
ਦਫ਼ਤਰ: +੯੧ ੨੨ ੬੧੧੨ ੯੦੦੦

ਮੁਫ਼ਤ ਸਰਕੂਲੇਸ਼ਨ ਲਈ